ਐਸ ਡੈਨੀਅਲ ਸਮਪਤ ਕੁਮਾਰ
ਡੀ ਓ ਨੰਬਰ 147
ਥਿਰੂਨੀਲਾ ਕਲੋਨੀ
ਵਿਚੋਰ,,, ਚਿਨਈ 600103




**S.DANIEL SAMPATH KUMAR**

*No. 147, Thirunilai colony ,*
*vichoor post , chennai - 600 103*
*E-Mail : sdanielsampathkumar@gmail.com*
*Website : danielendtimebooksministry.org*
*Phone No :* 99419 74213 , 96001 71260

**PUNJABI**

# *The Spoken Word*

*by*

*WILLIAM MARRION BRANHAM*

## ਨਿਕੁਲਾਈਆਂ ਦੇ ਕੰਮ ਅਤੇ ਸਿਖਿਆ
## (Deeds and Doctrine of Nicolaitanes)

ਬੋਲਿਆ ਹੋਇਆ ਵਚਨ ਹੀ ਮੂਲ ਬੀਜ ਹੈ

# ਨਿਕੁਲਾਈਆਂ ਦੇ ਕੰਮ ਅਤੇ ਸਿਖਿਆ

## (Deeds and Doctrine of Nicolaitanes)

ਪਰਕਾਸ਼ ਦੀ ਪੋਥੀ ੨:੬, "ਪਰ ਤੇਰੇ ਵਿੱਚ ਐਨਾ ਤਾਂ ਹੈ ਭਈ ਤੂੰ ਨਿਕੁਲਾਈਆਂ ਦਿਆਂ ਕੰਮਾਂ ਤੋਂ ਸੂਗ ਕਰਦਾ ਹੈ ਜਿਨ੍ਹਾਂ ਤੋਂ ਮੈਂ ਵੀ ਸੂਗ ਕਰਦਾ ਹਾਂ।"

ਨਿਕੁਲਾਈ ਕੀ ਸਨ ਇਹ੍ਹਦੇ ਬਾਰੇ ਵਿੱਚ ਦੋ ਤਰਾਂ ਦੇ ਵਿਚਾਰ ਹਨ। ਕੁਝ ਲੋਕਾਂ ਦਾ ਕਹਿਣਾ ਹੈ ਕਿ ਉਹ ਇੱਕ ਵਿਸ਼ਵਾਸ਼ ਤਿਆਗਿਆਂ ਦਾ ਸਮੂਹ ਸੀ ਅਤੇ ਉਹਨਾਂ ਦਾ ਬਾਨੀ, ਅੰਤਾਕਿਆ ਦਾ ਨਿਕੋਲਾਸ ਸੀ, ਧਰਮ ਤਿਆਗੀ, ਜਿਹੜਾ ਕਿ ਸੱਤਾਂ ਡੀਕਨਾਂ (ਸੇਵਾਦਾਰਾਂ) ਵਿੱਚੋਂ ਇੱਕ ਯਰੂਸ਼ਲਮ ਵਿੱਚ ਬਣ ਗਿਆ ਸੀ ਅਤੇ ਉਹ ਮੂਰਤੀ ਪੂਜਕ ਲੋਕਾਂ ਦੇ ਤਿਉਹਾਰ ਮਨਾਉਂਦੇ ਸਨ ਅਤੇ ਆਪਣੇ ਵਤੀਰੇ ਵਿੱਚ ਬਹੁਤ ਹੀ ਬੇਹੂਦਾ ਸਨ। ਅਤੇ ਉਹਨਾਂ ਦੀ ਸਿਖਿਆ ਇਹ ਸੀ ਕਿ ਇੰਦਰੀਆਂ ਉਤੇ ਕਾਬੂ ਪਾਉਣ ਪਹਿਲਾਂ ਇਹਨਾਂ ਨੂੰ ਤਜਰਬੇ ਰਾਹੀ ਹਰੇਕ ਨੂੰ ਇਹਦੇ ਬਾਰੇ ਵਿੱਚ ਪੂਰਾ ਗਿਆਨ ਹਾਸਲ ਕਰਨਾ ਜ਼ਰੂਰੀ ਹੈ। ਕੁਦਰਤੀ ਗੱਲ ਹੈ ਕਿ ਉਹਨਾਂ ਨੇ ਅਜਿਹੀ ਬੇਸ਼ਰਮੀ ਨੂੰ ਅਪਣਾਇਆ ਕਿ ਉਹਨਾਂ ਦੀ ਮਾੜੀ ਹਾਲਤ ਅੰਤ ਤਕ ਪੁੱਜ ਗਈ। ਏਦਾਂ ਉਹਨਾਂ ਨੇ ਆਪਣੇ ਲਈ ਪੁਰਾਣੇ ਨੇਮ ਦੇ ਦੋ ਨਾਂ ਚੁੱਣ ਲਏ ਬਲਆਮ ਅਤੇ ਈਜ਼ਬਲ ਜੋ ਕਿ ਅਜਿਹੀ ਵਿੱਚਤਰਾਂ ਦੇ ਚਿੰਨ ਹਨ। ਜਦ ਕਿ ਬਲਆਮ ਨੇ ਲੋਕਾਂ ਨੂੰ ਕੁਰਾਹੇ ਪਾ ਕੇ ਤੇ ਉਹਨਾਂ ਤੇ ਜਿੱਤ ਪਾਈ, ਇੰਜ ਆਖਿਆ ਗਿਆ ਹੈ ਕਿ ਨਿਕੋਲਾਸ ਨੇ ਵੀ ਏਦਾਂ ਹੀ ਕੀਤਾ। ਇਹ ਮੰਨਿਆ ਜਾਂਦਾ ਹੈ ਕਿ ਇਹ ਸਮੂਹ ਨੂੰ ਜਬਰਦਸਤੀ ਅਫਸੁਸ ਵਿੱਚੋਂ ਬਾਹਰ ਕੱਢਿਆ ਗਿਆ ਅਤੇ ਇਹਨਾਂ ਨੂੰ ਪਰਗਮੁਮ ਵਿੱਚ ਵੱਸਣ ਦੀ ਥਾਂ ਲੱਭ ਗਈ।

ਪਰ ਇਸ ਵਿਸ਼ਵਾਸ਼ ਦੀ ਔਕੜ ਇਹ ਹੈ ਕਿ ਇਹ ਸੱਚ ਨਹੀਂ ਹੈ। ਇਹਦੇ ਬਾਰੇ ਵਿੱਚ ਬਿਲਕੁਲ ਕੋਈ ਵੀ ਇਤਿਹਾਸ ਲਿਖਿਆ ਨਹੀਂ ਗਿਆ। ਇਹ ਤਾਂ ਇੱਕ ਤਰਾਂ ਨਾਲ ਲੋਕਾਂ ਦਾ ਮੱਤ ਬਣ ਗਿਆ ਹੈ। ਇਸ ਤਰਾਂ ਦੇ ਵਿਚਾਰ ਨੂੰ ਮੰਨ ਲੈਣਾ ਤਾਂ ਅਫਸੁਸ ਦੇ ਕਲੀਸੀਯਾਈ ਯੁੱਗ ਨੂੰ ਕੇਵਲ ਇਤਿਹਾਸਕ ਹੀ ਬਣਾਵੇਗਾ ਜਿਹਦਾ ਅੱਜ ਦੇ ਦਿਨ ਕੋਈ ਅਸਰ ਨਹੀ ਹੋਵੇਗਾ। ਇਹ ਸੱਚ ਨਹੀ ਹੈ, ਕਿਉਂਕਿ ਜੋ ਕੁਝ ਵੀ ਪਹਿਲੀ ਕਲੀਸੀਯਾ ਦੇ ਅੰਦਰ ਅਰੰਭ ਹੋਇਆ ਉਹਨੇ ਹਰੇਕ ਯੁੱਗ ਵਿੱਚ ਹੁੰਦੇ ਹੀ ਰਹਿਣਾ ਹੈ ਜਦ ਤਕ ਕਿ ਅੰਤ ਵਿੱਚ ਪਰਮੇਸ਼ੁਰ ਇਹਨੂੰ ਬਰਕਤ ਦੇ ਕੇ ਉਚਿਆਂ ਨਾ ਕਰੇ ਜਾਂ ਫਿਰ ਅੱਗ ਦੀ ਝੀਲ ਵਿੱਚ ਇਹਨੂੰ ਭ੍ਰਿਸ਼ਟ ਚੀਜ਼ ਸਮਝ ਜੋ ਅਸ਼ੁੱਧ ਹੈ ਨਾਸ ਕਰੇ। ਅਸਲ ਵਿੱਚ ਇਹ ਮੱਤ ਲਿਖਤਾਂ ਦੇ ਵਿਰੁੱਧ ਹੈ, ਕੇਵਲ ਪਰਕਾਸ਼ ਦੀ ਪੋਥੀ ੨:੨ ਤੇ ਜਰਾ ਕੁ ਧਿਆਨ ਮਾਰੋ, ਅਫਸੁਸ ਦਾ ਯੁੱਗ ਬੁਰਿਆਂ ਨੂੰ ਸਹਿਣ ਨਹੀਂ ਕਰ ਸਕਿਆ। ਉਹਨਾਂ ਨੇ ਉਹਨਾਂ ਨੂੰ ਜਰੂਰ ਬਾਹਰ ਕੱਢਿਆ, ਨਹੀ ਤਾਂ ਫਿਰ ਇਹਨਾਂ ਸ਼ਬਦਾਂ ਦਾ ਕੋਈ ਅਰਥ ਨਹੀਂ ਨਿਕਲੇਗਾ ਕਿ ਉਹ ਉਹਨਾਂ ਨੂੰ ਸਹਿਣ ਨਹੀਂ ਕਰ ਸਕੇ । ਜੇ ਉਹਨਾਂ ਨੇ ਉਹਨਾਂ ਨੂੰ ਬਾਹਰ ਨਹੀਂ ਕੱਢਿਆ ਤਾਂ ਫੇਰ ਉਹ ਉਹਨਾਂ ਨੂੰ ਬਰਦਾਸ਼ਤ ਕਰ ਰਹੇ ਸਨ। ਛੇ ਆਇਤ ਵਿੱਚ ਕਿਹਾ ਗਿਆ ਹੈ ਕਿ ਉਹਨਾਂ ਨੇ ਨਿਕੁਲਾਈਆਂ ਦੇ ਕੰਮਾਂ ਤੋਂ ਸੂਗ ਕੀਤੀ। ਸੋ ਏਦਾਂ ਇਹ

ਨਿਕੁਲਾਈਆਂ ਦਾ ਸਮੂਹ ਪਹਿਲੇ ਯੁੱਗ ਦਾ ਹਿੱਸਾ ਬਣਿਆ ਰਿਹਾ, ਤੇ ਉਹ ਆਪਣੇ ਕੰਮ ਕਰਦੇ ਰਹੇ। ਉਹਨਾਂ ਦੇ ਕੰਮਾਂ ਤੋਂ ਸੂਗ ਕੀਤੀ ਗਈ ਪਰ ਲੋਕਾਂ ਨੇ ਇਸ ਨੂੰ ਮਹੱਤਤਾ ਨਾ ਦਿੱਤੀ। ਤਦ ਅਸੀ ਵੇਖਦੇ ਹਾਂ ਕਿ ਅਫਸੁਸ ਦੇ ਯੁੱਗ ਦੇ ਇਹ ਨਿਕੁਲਾਈ ਦੇ ਬੀਜ ਜਿਹੜੇ ਕਿ ਅਗਾਂਹ ਵੱਧਦੇ ਰਹਿਣਗੇ ਤੇ ਇਕ ਸਮੇਂ ਸਿਖਿਆ ਬਣ ਜਾਣਗੇ ਤੇ ਠੀਕ ਅੱਗ ਦੀ ਝੀਲ ਤੱਕ ਅਤੇ ਅੱਗ ਦੀ ਝੀਲ ਦੇ ਅੰਦਰ ਪਹੁੰਚਣਗੇ।

ਇਹ ਨਿਕੁਲਾਈ ਕੀ ਹਨ ? ਇਹ ਸ਼ਬਦ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ ਤੋਂ ਨਿਕਲਦਾ ਹੈ। (Nikao) ਨਿਕਾਉ ਜਿਹਦਾ ਅਰਥ ਹੈ ਜਿੱਤਣਾ, ਅਤੇ (Laos) ਲਾਐਸ ਜਿਹਦਾ ਅਰਥ ਸਾਧਾਰਣ ਲੋਕ ਹੈ। ਸਿੱਧੀ ਸਾਧੀ ਗੱਲ ਇਹ ਹੈ ਕਿ ਕੋਈ ਕੁਝ ਉਸ ਪਹਿਲੀ ਕਲੀਸੀਯਾ ਵਿੱਚ ਕਰ ਰਿਹਾ ਜੋ ਸੀ ਸਾਧਾਰਣ ਲੋਕਾਂ ਤੇ ਜਿੱਤ ਪਾਉਣਾ।

ਜੇ ਸਾਧਾਰਣ ਲੋਕ ਜਿੱਤੇ ਜਾ ਰਹੇ ਸਨ, ਜਾਂ ਜ਼ਰੂਰ ਸੀ ਕਿ ਕੋਈ ਇਖਤਿਆਰ ਵਾਲੇ ਲੋਕ ਇਹ ਕਰ ਰਹੇ ਸਨ।

ਇਹ ਕੀ ਸੀ ਜਾਂ ਕੀ ਹੋ ਰਿਹਾ ਉਸ ਕਲੀਸੀਯਾ ਦੇ ਅੰਦਰ ਜਿਹਦੇ ਤੋਂ ਪਰਮੇਸ਼ੁਰ ਨੇ ਸੂਗ ਕੀਤੀ ? ਤਦ ਕੀ ਹੋ ਰਿਹਾ ਸੀ, ਅਤੇ ਹੁਣ ਅੱਜ ਜੋ ਹੋ ਰਿਹਾ ਹੈ ਤੇ ਬਿਲਕੁਲ ਠੀਕ ਇਹੋ ਹੀ ਨਿਕੁਲਾਈ ਸ਼ਬਦ ਦਾ ਅਰਥ ਹੈ ਅਤੇ ਲੋਕ ਕੁਝ ਇਸ ਤਰਾਂ ਦੇ ਨਾਲ ਅਧੀਨ ਕੀਤੀ ਜਾ ਰਹੇ ਸਨ ਜੋ ਕਿ ਬਿਲਕੁਲ ਪਰਮੇਸ਼ੁਰ ਦੇ ਬਚਨ ਦੇ ਵਿਰੁੱਧ ਸੀ।

ਹੁਣ ਜੋ ਵੀ ਅਸੀ ਖੋਜ ਕਰਨ ਦੇ ਲਈ ਜਾ ਰਹੇ ਹਾਂ ਉਹਦਾ ਸਹੀ ਅਰਥ ਸਮਝਣ ਦੇ ਲਈ, ਮੈਂ ਤੁਹਾਨੂੰ ਸਾਵਧਾਨ ਕਰਨਾ ਜ਼ਰੂਰੀ ਸਮਝਦਾ ਹਾਂ ਤਾਂ ਕਿ ਤੁਸੀਂ ਹਮੇਸ਼ਾ ਇਸ ਗੱਲ ਨੂੰ ਆਪਣੇ ਮਨ ਵਿੱਚ ਰੱਖੋ ਕਿ ਧਰਮ (ਆਤਮਿਕ ਗੱਲਾਂ ਜੇ ਤੁਸੀ ਪਸੰਦ ਕਰਦੇ ਹੋ) ਦੋ ਭਾਗਾਂ ਦਾ ਬਣਿਆ ਹੁੰਦਾ ਹੈ ਜੋ ਕਿ ਜੁੜਵਾਂ ਹੁੰਦਾ ਹੈ ਪਰ ਕਾਲੇ ਤੇ ਗੋਰੇ ਦੀ ਵਾਂਗ ਇੱਕ ਦੂਜੇ ਦੇ ਉਲਟ ਹੁੰਦਾ ਹੈ ਧਰਮ ਤੇ ਰੂਹਾਨੀ ਸੰਸਾਰ ਉਹਨਾਂ ਦੋ ਬ੍ਰਿਛਾਂ ਦਾ ਬਣਿਆ ਹੈ ਜਿਹਨਾਂ ਦੀਆਂ ਜੜਾਂ ਅਦਨ ਬਾਗ ਵਿੱਚ ਸਨ। ਦੋਵੇਂ ਹੀ ਬ੍ਰਿਛ ਜੀਵਨ ਦਾ ਬ੍ਰਿਛ ਅਤੇ ਭਲੇ ਅਤੇ ਬੁਰੇ ਦੀ ਸਿਆਣ ਦਾ ਬ੍ਰਿਛ ਅਤੇ ਬੇਸ਼ਕ ਉਹਨਾਂ ਦੋਵਾਂ ਦੀਆਂ ਟਹਿਣੀਆਂ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਸਨ। ਅਤੇ ਇੰਜ ਅਫਸੁਸ ਦੇ ਯੁੱਗ ਦੇ ਉਹੋ ਹੀ ਵਿਰੋਧ ਉਕਤੀ ਸੀ। ਕਲੀਸੀਯਾ ਚੰਗੇ ਅਤੇ ਬੁਰੇ ਦੋਵਾਂ ਨੂੰ ਮਿਲਾ ਕੇ ਬਣਦੀ ਹੈ। ਤੇ ਬੇਲਾਂ ਤੋਂ ਕਲੀਸੀਯਾ ਬਣਦੀ ਹੈ। ਅਤੇ ਕਣਕ ਅਤੇ ਜੰਗਲੀ ਬੂਟੀ ਦੀ ਵਾਂਗ ਹੈ ਜੋ ਕਿ ਲਾਗੋ ਲਾਗੀ ਵੱਧਦੀਆਂ ਹਨ। ਪਰ ਇੱਕ ਤਾਂ ਸੱਚੀ ਹੈ। ਤੇ ਦੂਜੀ ਝੂਠੀ ਹੈ। ਪਰਮੇਸ਼ੁਰ ਹਰੇਕ ਦੇ ਨਾਲ ਬੋਲਦਾ ਹੈ ਤੇ ਹਰੇਕ ਦੇ ਬਾਰੇ ਗੱਲਬਾਤ ਕਰਦਾ ਹੈ। ਅਤੇ ਪਰਮੇਸ਼ੁਰ ਉਹਨਾਂ ਨੂੰ ਕਲੀਸੀਯਾ ਕਰਕੇ ਪੁਕਾਰਦਾ ਹੈ। ਅਤੇ ਕੇਵਲ ਚੁਣੇ ਹੋਏ ਹੀ ਜਾਣ ਸਕਣਗੇ ਕਿ ਅਸਲ ਵਿੱਚ ਸੱਚਾ ਆਤਮਾ ਕਿਹੜਾ ਹੈ। ਅਤੇ ਕੇਵਲ ਚੁਣੇ ਹੋਏ ਹੀ ਗੁੰਮਰਾਹ ਨਹੀਂ ਹੋਣਗੇ। ਮੱਤੀ ੨੪:੨੪, "ਕਿਉਂਕਿ ਝੂਠੇ ਮਸੀਹ ਅਤੇ ਝੂਠੇ ਨਬੀ ਉਠਣਗੇ ਅਰ ਅਜੇਹੇ ਵੱਡੇ ਨਿਸ਼ਾਨ ਅਤੇ ਅਚਰਜ ਕੰਮ ਵਿਖਾਉਣਗੇ ਕਿ ਜੇ ਹੋ ਸੱਕਦਾ ਤਾਂ ਉਹ ਚੁਣਿਆ ਹੋਇਆ ਨੂੰ ਵੀ ਭੁਲਾਵੇ ਵਿੱਚ ਪਾ ਦਿੰਦੇ।" ਪੁਰਾਣੇ ਸਮੇ ਦੀ ਪਹਿਲੀ ਕਲੀਸੀਯਾ ਵਿੱਚ (ਪੰਤੇਕੁਸਤ ਦੇ ਥੋੜੇ ਚਿਰ ਬਾਦ ਹੀ) ਝੂਠੀ ਬੇਲ ਨੇ ਆਪਣੇ ਆਪ ਨੂੰ ਸੱਚੀ ਦੇ ਨਾਲ ਜੋੜਨਾ ਅਰੰਭ ਕਰ ਦਿੱਤਾ ਅਤੇ ਅਸੀ ਏਹਨਾਂ ਨਿਕੁਲਾਈਆਂ ਦੇ ਕੰਮਾਂ ਨੂੰ ਵੇਖਦੇ ਹਾਂ। ਅਤੇ ਉਹ ਬੇਲ ਸੱਚੀ ਬੇਲ ਦੇ ਵਿਰੁੱਧ ਲੜਦੀ ਹੋਈ ਵੇਖੀ ਜਾਣੀ ਹੈ ਜਦ ਤਕ ਕਿ ਏਹਦਾ ਨਾਸ ਪਰਮੇਸ਼ੁਰ ਨਾ ਕਰ ਦਵੇ। ਹੁਣ ਕੀ ਤੁਸੀ ਇਹਨੂੰ ਸਮਝ ਗਏ ਹੋ ?



ਉਹਨਾਂ ਸਭਨਾਂ ਨੇ ਵੀ ਏਹੋ ਕੁਝ ਹੀ ਕੀਤਾ ਹੈ।

ਹੁਣ – – – – ਪਰ ਵਾਇਦਾ ਕੀਤਾ ਗਿਆ ਹੈ ਕਿ ਅੰਤ ਦੇ ਦਿਨਾਂ ਉਹ ਬਹਾਲੀ ਦੇ ਲਈ ਫੇਰ ਦੁਬਾਰਾ ਰਾਹ ਕੱਢ ਦਵੇਗਾ। ਪ੍ਰਭੂ ਦਾ ਬਚਨ ਧਰਤੀ ਉਤੇ ਆਵੇਗਾ ਜਿਦਾਂ ਕਿ ਉਹਨੇ ਅਰੰਭ ਵਿੱਚ ਕੀਤਾ ਅਤੇ ਫੇਰ ਵਾਪਸ ਬਹਾਲ ਕਰੇਗਾ ਕੀ ? ਕਿਹਨੇ ਇਹਨੂੰ ਸ਼ੁਰੂ ਕੀਤਾ ? ਬਚਨ ਦੇ ਵਿਰੁੱਧ। ਅਤੇ ਇਸ ਜਣੇ ਨੇ ਕੀ ਕਰਨਾ ਹੈ ਜਦ ਉਹ ਪਰਮੇਸ਼ੁਰ ਦੇ ਆਤਮਾ ਦੇ ਨਾਲ ਮਸਹ ਹੋ ਕੇ ਆਵੇਗਾ ? ਉਹ ਤਾਂ ਬੱਚਿਆਂ ਦੇ ਵਿਸ਼ਵਾਸ਼ ਨੂੰ ਵਾਪਸ ਪੇਵਾਂ ਦੀ ਵੱਲ ਮੋੜ ਦੇਵੇਗਾ। ਏਦਾਂ ਉਹ ਬਹਾਲ ਕਰਦਾ ਹੈ।

ਤੁਸੀ ਇਸ ਬਚਨ ਨੂੰ ਉਸੇ ਹੀ ਥਾਂ ਤੇ ਲੈ ਜਾਉ ਜਿਥੇ ਇਹ ਹੈ, ਤਾਂ ਇਹ ਉਹੋ ਹੀ ਕੰਮ ਕਰੇਗਾ। ਯਿਸੂ ਨੇ ਕਿਹਾ, " ਜੇ ਕੋਈ ਮਨੁੱਖ ਮੇਰਾ ਬਣੇ – – – –ਉਹ ਜਿਹੜਾ ਮੇਰੇ ਵਿੱਚ ਨਿਹਚਾ ਕਰਦਾ ਹੈ, ਜਿਹੜੇ ਕੰਮ ਮੈਂ ਕਰਦਾ ਹਾਂ ਉਹ ਵੀ ਕਰੇਗਾ।" ਜਦ ਉਹਨਾਂ ਨੇ ਉਹਨੂੰ ਕੁਝ ਕਰਨ ਲਈ ਆਖਿਆ, ਉਹਨੇ ਕਿਹਾ, " ਮੈਂ ਸਿਰਫ ਉਹੋ ਹੀ ਕਰਦਾ ਹਾਂ ਜੋ ਪਿਤਾ ਮੈਨੂੰ ਕਰਨ ਲਈ ਵਿਖਾਉਂਦਾ ਹੈ। ਮੈਂ ਕੁਝ ਨਹੀ ਕਰਦਾ ਜਦ ਤੱਕ ਮੈਂ ਪਹਿਲਾਂ ਵੇਖ ਨਾ ਲਵਾਂ ਜੋ ਮੈਂ ਪਿਤਾ ਨੂੰ ਕਰਦੇ ਵੇਖਦਾ ਹਾਂ, ਉਹੋ ਹੀ ਮੈਂ ਵੀ ਕਰਦਾ ਹਾਂ । ਪਿਤਾ ਕੰਮ ਕਰਦਾ ਹੈ, ਅਤੇ ਮੈਂ ਵੀ ਕੰਮ ਕਰਦਾ ਹਾਂ।" ਕੀ ਤੁਸੀ ਇਹ ਨਹੀ ਵੇਖਦੇ ? ਕਿਉਂ ਇਹ ਤਾਂ ਇਕ ਸਮਾਚਾਰ ਪੱਤਰ ਪੜ੍ਹਨ ਵਾਂਗ ਹੀ ਹੈ।

ਹੁਣ ਪਹਿਲਾਂ – – – – ਤਦ ਉਹ ਮਸੀਹ ਵਿਰੋਧੀ ਬਣਿਆ। ਹੁਣ, ਉਹ ਮਸੀਹ ਵਿਰੋਧੀ ਨਹੀਂ ਸੀ ਹੋ ਸਕਦਾ – – – – ਕੇਵਲ ਆਤਮਾ ਵਿੱਚ। ਤਦ ਉਹ ਮਸੀਹ ਵਿਰੋਧੀ ਬਣ ਗਿਆ, ਅਤੇ ਆਤਮਾ ਨੇ ਉਹ ਮਨੁੱਖ ਲਿਆ ਜਿਹੜਾ ਉਹੋ ਗੱਲਾਂ ਸਿਖਾਉਂਦਾ ਸੀ ਜੋ ਕਿ ਮਸੀਹ ਵਿਰੋਧੀ ਆਤਮਾ ਕਰ ਰਿਹਾ ਸੀ, ਤਦ ਉਹ ਮਸੀਹ ਵਿਰੋਧੀ ਆਤਮਾ ਦੇ ਲਈ ਝੂਠਾ ਨਬੀ ਬਣ ਗਿਆ। ਹੁਣ, ਇੱਕ ਜੱਥੇਬੰਦੀ ਦੇ ਵਿੱਚ ਜੋ ਆਦਮੀ ਹੈ ਉਹਦੇ ਬਾਰੇ ਕੀ ਵਿਚਾਰ ਹੈ ? ਆਪਣੇ ਆਪ ਨੂੰ ਮਿਲਾ ਕੇ ਵੇਖੋ। ਮੈਂ ਨਹੀਂ ਜਾਣਦਾ ਕਿ ਤੁਸੀ ਇਹਦੇ ਬਾਰੇ ਕੀ ਸੋਚਦੇ ਹੋ।

ਹੁਣ ਅੰਤ ਵਿੱਚ ਉਹ ਦਰਿੰਦਾ ਬਣਦਾ ਹੈ। ਹੁਣ ਜਰਾ ਉਡੀਕ ਕਰੋ ਅਤੇ ਅਸੀ ਇਹਦੀ ਵੱਲ ਹੀ ਥੋੜੇ ਚਿਰ ਬਾਦ ਜਾਂਵਾਂਗੇ। ਠੀਕ ਐ। ਹੁਣ ਜੇ ਸ਼ੈਤਾਨ ਦੀ ਤਸਲੀਮ ਏਦਾਂ ਹੀ ਹੈ – ਸ਼ੈਤਾਨ ਹੀ ਹਰ ਸਮੇਂ, ਸ਼ੈਤਾਨ – ਮਸੀਹ ਵਿਰੋਧੀ ਆਤਮਾ, (ਮਸੀਹ ਵਿਰੋਧੀ ਆਤਮਾ ਨੇ ਦੇਹਧਾਰੀ ਹੋਈ) ਝੂਠਾ ਨਬੀ, ਤਦ ਉਹ ਦਰਿੰਦਾ ਬਣਦਾ ਹੈ। ਉਹ ਮਸੀਹ ਵਿਰੋਧੀ ਦੇ ਅੰਦਰ ਜੋ ਭੂਤ ਸੀ ਉਹ ਨਹੀ ਪਰ ਜਦ ਸ਼ੈਤਾਨ ਨੂੰ ਬਾਹਰ ਕੱਢ ਦਿੱਤਾ ਗਿਆ, ਉਹਨੇ ਆਣ ਕੇ ਤੇ ਉਹ ਥਾਂ ਸੰਭਾਲ ਲਈ ਜਿਥੇ ਕਿ ਬਦਰੂਹ ਸੀ। ਇਹ ਤਾਂ ਉਹਦੇ ਅੰਦਰ ਸ਼ੈਤਾਨ ਸੀ। ਤਦ ਸ਼ੈਤਾਨ ਨੇ ਮਨੁੱਖ ਵਿੱਚ ਦੇਹਧਾਰੀ ਹੈ। ਇਹ ਤਾਂ ਆਪਣੇ ਆਪ ਹੀ ਨੂੰ ਦੁਹਰਾ ਰਿਹਾ ਹੈ।

ਦੇ ਵਿਰੁੱਧ ਹੋਣ ਨਾਲ ਅਤੇ ਬਚਨ ਦੀ ਥਾਂ ਅਕੀਦੇ ਕਬੂਲ ਕਰਣ ਨਾਲ ਹੋਇਆ, ਅਤੇ ਏਹਨਾਂ ਸਾਲਾਂ ਦੇ ਦੌਰਾਨ ਬਾਈਬਲ ਨੇ ਆਖਿਆ ਹੈ ਕਿ ਸੁਧਾਰਕਾਂ ਨੇ ਇਨ੍ਹੂੰ ਸੁਧਾਰਿਆ ਹੈ, " — – – ਪਰ ਅੰਤ ਦੇ ਦਿਨਾਂ ਵਿੱਚ ਅਵਾਜ ਦੇ ਸਮੇਂ, " (ਪ੍ਰਕਾਸ਼ ੧੦:੧-੮) ਉਹਨੇ ਆਖਿਆ, "ਸਤਵੇਂ ਦੂਤ ਦੇ ਅਵਾਜ਼ ਦੇਣ ਦੇ ਦਿਨੀ ਪਰਮੇਸ਼ੁਰ ਦੇ ਭੇਦ ਸੰਪੂਰਨ ਹੋ ਜਾਣਗੇ।"

ਮਲਾਕੀ ੪ ਨੇ ਕਿਹਾ ਕਿ ਉਸ ਬੁਰੇ ਦਿਨ ਤੋਂ ਪਹਿਲਾਂ ਜੋ ਇਸ ਧਰਤੀ ਤੇ ਆਵੇ ਮੈਂ ਏਲੀਯਾਹ ਨਬੀ ਨੂੰ ਘੱਲਾਂਗਾ, ਜਦ ਉਹ ਧਰਤੀ ਨੂੰ ਭੱਠੀ ਵਾਂਗ ਸਾੜੇਗਾ, ਅਤੇ ਉਹ ਬਹਾਲ ਕਰੇਗਾ ਅਤੇ ਬੱਚਿਆਂ ਦੇ ਦਿਲਾਂ ਨੂੰ ਪੇਵਾਂ ਦੇ ਵਿਸ਼ਵਾਸ਼ ਦੀ ਵੱਲ ਮੋੜੇਗਾ – ਅਸਲੀ ਰਸੂਲੀ ਈਮਾਨ, ਪੈਂਤੇਕੁਸਤ ਵਿਸ਼ਵਾਸ਼ ਜਿਹਦੀ ਬਹਾਲੀ ਦਾ ਉਹਨੇ ਵਾਇਦਾ ਕੀਤਾ ਹੈ। ਇਹ ਤਾਂ ਉਨ੍ਹਾਂ ਹੀ ਸਾਫ ਹੈ ਜਿੰਨਾਂ ਕੁ ਲਿਖਤਾਂ ਆਖ ਸਕਦੀਆਂ ਹਨ। ਹੁਣ ਏਹਦਾ ਵਾਇਦਾ ਕੀਤਾ ਗਿਆ ਹੈ। ਜੇ ਅਸੀ ਅੰਤ ਦੇ ਦਿਨਾਂ ਵਿੱਚ ਹਾਂ, ਤਾਂ ਕੁਝ ਹੋਣ ਵਾਲਾ ਹੈ ; ਅਤੇ ਇਹ ਹੋ ਰਿਹਾ ਹੈ, ਅਤੇ ਅਸੀ ਇਹਨੂੰ ਵੇਖ ਰਹੇ ਹਾਂ।

ਹੁਣ ਸ਼ੈਤਾਨ ਦੀ ਤਸਲੀਸ। ਉਹੋ ਹੀ ਵਿਅਕਤੀ ਆ ਰਿਹਾ ਹੈ, ਸਿਰਫ ਵਿੱਚੋਂ ਦੂਜੇ ਦੇ ਅੰਦਰ ਦੇਹ ਧਾਰਕੇ ਏ ਸੇ ਹੀ ਤਰੀਕੇ ਦੇ ਨਾਲ ਉਹਨਾਂ ਕੀੜਿਆਂ ਨੇ ਕੀਤਾ ਉਹਨਾਂ ਟਿੱਡੀਆਂ ਨੇ ਇੱਕ ਤੋਂ ਦੂਜੀ ਵਿੱਚ। ਬਿਲਕੁਲ ਠੀਕ। ਨਿਕੁਲਾਈ ਆਤਮਕ ਮਸੀਹ ਵਿਰੋਧੀ। ਪੋਪ ਝੂਠਾ ਨਬੀ: ਦਰਿੰਦਾ ਸ਼ੈਤਾਨ ਨੇ ਖੁਦ ਦੇਹਧਾਰੀ। ਉਹ ਨਹੀਂ ਕਰ ਸਕਦਾ – – – – ਹੁਣ, ਹੁਣ ਤੁਸੀ ਇਸ ਗੱਲ ਨੂੰ ਆਪਣੇ ਦਿਲ ਵਿੱਚ ਰੱਖੋ। ਜਦ ਤੁਸੀ ਇਹਦੀ ਪੈਰਵੀ ਕਰੋਗੇ ਤਾਂ, ਤੁਸੀ ਵੇਖੋਗੇ ਕਿ ਇਹ ਘੋੜਸਵਾਰ ਬਿਲਕੁਲ ਸਿੱਧੇ ਉਥੇ ਹੀ ਜਾ ਨਿਕਲਣਗੇ। ਮੈਂ ਤਾਂ ਤੁਹਾਡੇ ਲਈ ਕੇਵਲ ਏਥੇ ਇੱਕ ਤਸਵੀਰ ਰੱਖ ਰਿਹਾ ਹਾਂ। ਜੇ ਮੈਂ ਬਲੈਕਬੋਰਡ (ਕਾਲੇ ਫੱਟੇ) ਤੇ ਇਹਨੂੰ ਵਾਹ ਕੇ ਦੱਸਦਾ ਤਾਂ ਸ਼ਾਇਦ ਤੁਸੀਂ ਏਹਨੂੰ ਚੰਗੀ ਤਰਾਂ ਸਮਝਦੇ । ਵੇਖੋ, ਮੈਂ ਤੱਕ ਰਿਹਾ ਹਾਂ।

ਪਹਿਲਾਂ ਤਾਂ ਤੁਸੀ ਇਹਨੂੰ ਯਾਦ ਰੱਖੋ – ਪਹਿਲੀ ਗੱਲ ਜੋ ਉਹ ਹੈ, ਉਹ ਮਸੀਹ ਵਿਰੋਧੀ ਆਤਮਾ ਹੈ। ਯੂਹੰਨਾਂ ਨੇ ਇੰਜ ਹੀ ਆਖਿਆ ਹੈ; ਹੇ ਬੱਚਿਉ ਮਸੀਹ ਵਿਰੋਧੀ ਆਤਮਾ ਤਾਂ ਪਹਿਲਾਂ ਹੀ ਅਣਆਗਿਆਕਾਰੀ ਦੇ ਬਾਲਕਾਂ ਦੇ ਵਿੱਚ ਕੰਮ ਕਰ ਰਿਹਾ ਹੈ!" ਵੇਖੋ ਉਹ ਬੀਜ ਅਰੰਭ ਹੋਣਾ ਸ਼ੁਰੂ ਹੋਇਆ। ਅਤੇ ਅਗਲੇ ਕਲੀਸੀਯਾਈ ਯੁੱਗ ਵਿੱਚ ਇਹ ਇੱਕ ਪ੍ਰਕਾਰ ਦੀ ਕਹਾਵਤ ਬਣ ਗਿਆ। ਅਗਲੇ ਕਲੀਸੀਯਾਈ ਯੁੱਗ ਵਿੱਚ ਇਹ ਸਿਖਿਆ ਬਣ ਗਈ! ਅਗਲੇ ਕਲੀਸੀਯਾਈ ਯੁੱਗ ਵਿੱਚ ਉਹਦੀ ਤਾਜ਼ਪੋਸ਼ੀ ਹੋ ਗਈ। ਕੀ ਇਹ ਪੜਤ ਵਾਂਗ ਹੀ ਸਾਫ ਨਹੀ ਹੈ, ਜਿਦਾਂ ਵੀ ਹੈ ਤੁਸੀਂ ਇਹਨੂੰ ਪੜ੍ਹ ਸਕਦੇ ਹੋ ?

ਉਥੇ ਉਹ ਆ ਗਿਆ। ਪਹਿਲਾਂ ਉਹਨੂੰ ਕੀ ਸੱਦਿਆ ਗਿਆ ? – ਮਸੀਹ ਵਿਰੋਧੀ ਆਤਮਾ, ਕਿਉਂਕਿ ਉਹ ਬਚਨ ਦੇ ਵਿਰੁੱਧ ਸੀ। ਏਸੇ ਨੇ ਇਹਨੂੰ ਅਰੰਭ ਕੀਤਾ। ਬਿਲਕੁਲ ਠੀਕ ਇਸ ਚੀਜ ਨੇ ਇੰਜ ਹੀ ਕੀਤਾ ਪਰਮੇਸ਼ੁਰ ਦੇ ਬਚਨ ਤੋਂ ਫਿਰ ਗਏ। ਇਹ ਨਹੀਂ ਕਿਉਂਕਿ ਹਵਾਹ ਨੇ ਕਾਇਨ ਨੂੰ ਇੱਕ ਦਿਨ ਮਾੜਾ ਜਿਹਾ ਕੁਟਿਆ। ਇਹ ਗੱਲ ਜਿਹਨੇ ਇਹ ਸਾਰਾ ਪਵਾੜਾ ਪਾਇਆ ਉਹ ਸੀ ਕਿ ਉਹ ਬਚਨ ਦੀ ਵਲੋਂ ਫਿਰ ਗਈ। ਪਹਿਲੀ ਗੱਲ ਜਿਹਨੇ ਜੀਉਂਦੇ ਪਰਮੇਸ਼ੁਰ ਦੀ ਕਲੀਸੀਯਾ ਵਿੱਚ ਕੰਜਰ ਪੁਣਾ ਸ਼ੁਰੂ ਕੀਤਾ, ਮਸੀਹ ਦੀ ਲਾੜੀ, ਉਹਨੇ ਬਚਨ ਦੀ ਵੱਲੋਂ ਫਿਰ ਕੇ ਤੇ ਰੋਮ ਦੇ ਅਕੀਦੇ ਬਚਨ ਦੀ ਬਾਜਾਏ ਕਬੂਲ ਕਰ ਲਏ। ਹਰੇਕ ਜੱਥੇਬੰਦੀ ਦੇ ਨਾਲ ਕੀ ਹੋਇਆ ਹੈ ?



ਠੀਕ ਐ। ਹੁਣ ਉਸ ਕਲੀਸੀਯਾ ਦਾ ਰੂਹਾਨੀ ਸਿਖਰ ਕੀ ਸੀ ? ਇਹਨੇ ਆਪਣਾ ਪਹਿਲਾ ਪਿਆਰ ਤਿਆਗ ਦਿੱਤਾ ਸੀ। ਪਰਮੇਸ਼ੁਰ ਦੇ ਬਚਨ ਦੇ ਪਹਿਲੇ ਪਿਆਰ ਨੂੰ ਛੱਡਣਾ ਸਾਡੇ ਉਤੇ ਇੰਜ ਪਰਗਟ ਕੀਤਾ ਗਿਆ ਹੈ ਜਿਵੇਂ ਕਿ ਆਪਣੀ ਅਸਲੀਅਤ ਤੋਂ ਡਿੱਗਣਾ, ਜੋ ਕਿ ਪੈਂਤੇਕੁਸਤ ਸੀ। ਸਾਦੀ ਅਤੇ ਸਾਫ ਅੰਗਰੇਜ਼ੀ ਵਿੱਚ ਇਹ ਕਲੀਸੀਯਾ ਪਵਿੱਤ੍ਰ ਆਤਮਾ ਦੀ ਅਗੁਵਾਈ ਤੋਂ ਦੂਜ ਲੈ ਕੇ ਜਾਣ ਦੇ ਖਤਰੇ ਵਿੱਚ ਸੀ, ਪਵਿੱਤ੍ਰ ਆਤਮਾ ਦੇ ਨਿਯੰਤਰਣ ਤੋਂ ਦੂਜ ਜਾਣ ਦੇ ਖਤਰੇ ਵਿੱਚ ਇਹ ਕਲੀਸੀਯਾ ਸੀ। ਬਿਲਕੁਲ ਠੀਕ ਏਦਾਂ ਹੀ ਉਦੋਂ ਵੀ ਹੋਇਆ ਜਦ ਮੂਸਾ ਨੇ ਇਸਰਾਏਲ ਕੌਮ ਦੀ ਅਗੁਵਾਈ ਕਰਨ ਦਾ ਤਾਂ ਅੱਗ ਦੀ ਬੱਦਲ, ਭਵਿੱਖਬਾਣੀ ਦਾ ਉਚਾਰਣ, ਅਚੰਭੇ ਅਤੇ ਚਿੰਨ ਅਤੇ ਪਰਮੇਸ਼ੁਰ ਦੇ ਦੁਆਰਾ ਬਖਸ਼ੇ ਹੋਏ ਮੋਜਜੇ ਸਨ। ਇਸ ਨੂੰ ਤਾਂ 'ਪਰਮੇਸ਼ੁਰ ਦੇ ਚੁਣੇ ਹੋਏ, 'ਅਤੇ 'ਪਰਮੇਸ਼ੁਰ ਦੇ ਥਾਪੇ ਹੋਏ, ਅਤੇ 'ਪਰਮੇਸ਼ੁਰ ਦੇ ਤਿਆਰ ਕੀਤੇ ਹੋਏ' ਅਤੇ ਪਰਮੇਸ਼ੁਰ ਦੇ ਘੱਲੇ ਹੋਏ, ਲੋਕਾਂ ਨੇ ਪੂਰਾ ਕਰਨਾ ਸੀ, ਸਾਰੇ ਡੇਰੇ ਵਿੱਚ ਪਵਿੱਤ੍ਰ ਆਤਮਾ ਦੀ ਜੁੰਬਸ਼ ਦੇ ਹਾਵੀ ਹੁੰਦੇ ਹੋਏ। ਉਹਨਾਂ ਨੇ ਬਗਾਵਤ ਕੀਤੀ ਅਤੇ ਮੱਤ ਅਕੀਦੇ ਅਗਾਂਹ ਵਧਣ ਲਈ ਚਾਹੁੰਦੇ ਸਨ। ਤਦ ਉਹਨਾਂ ਨੇ ਰਾਜੇ ਦੀ ਚਾਹ ਪਰਗਟ ਕੀਤੀ। ਤੇ ਤਦ ਉਹ ਪੂਰੀ ਤਰਾਂ ਦੁਨੀਆਵੀ ਹੋਣਾ ਚਾਹੁੰਦੇ ਸਨ ਅਤੇ ਪੂਰੀ ਤਰਾਂ ਧਰਮ ਤਿਆਗ ਕੀਤਾ ਤੇ ਉਹਨੂੰ ਭੁੱਲ ਗਏ। ਬਿਲਕੁਲ ਏਦਾਂ ਹੀ ਪਹਿਲੀ ਕਲੀਸੀਯਾ ਅਰੰਭ ਹੋਈ, ਅਤੇ ਇਹ ਹੋਰ ਵੀ ਬੁਰੀ ਤੋਂ ਬੁਰੀ ਹੁੰਦੀ ਜਾਵੇਗੀ, ਜਦ ਤਕ ਕਿ ਪਵਿੱਤ੍ਰ ਆਤਮਾ ਪੂਰੀ ਤਰਾਂ ਨਾਲ ਰੱਦਿਆ ਨਹੀਂ ਜਾਂਦਾ ਅਤੇ ਜਦ ਤੱਕ ਕਿ ਪਰਮੇਸ਼ੁਰ ਲੋਕਾਂ ਦਾ ਨਾਸ ਨਾ ਕਰ ਦਵੇ

ਵੇਖੋ ਕਿੰਜ ਇਹ ਪਹਿਲੀ ਕਲੀਸੀਯਾ ਵਿੱਚ ਅਰੰਭ ਹੋਇਆ। ਅਤੇ ਏਹਨਾਂ ਨੂੰ ਕੰਮ ਆਖਿਆ ਗਿਆ। ਤਦ ਇਹ ਸਿਖਿਆ ਬਣ ਗਈ। ਇਹ ਇੱਕ ਸਿਧਾਂਤ ਬਣ ਗਿਆ। ਅਤੇ ਇਹ ਇੱਕ ਕਠਨ ਤਰੀਕਾ ਬਣ ਗਿਆ। ਅਤੇ ਇਸ ਨੇ ਅੰਤ ਵਿੱਚ ਕਬਜਾ ਕਰ ਲਿਆ ਤੇ ਪਰਮੇਸ਼ੁਰ ਨੂੰ ਇੱਕ ਪਾਸੇ ਧੱਕ ਦਿੱਤਾ। ਆਹ, ਇਹ ਤਾਂ ਥੋੜੀ ਹੀ ਮਾਤਰਾ ਵਿੱਚ, ਸਹਿਜੇ ਨਾਲ, ਅਤੇ ਬਿਨਾ ਠੋਕਰ ਲਾਏ ਅਰੰਭ ਹੋਇਆ। ਅਤੇ ਇਹ ਬਹੁਤ ਹੀ ਸੋਹਣਾ ਜਾਪਿਆ। ਅਤੇ ਇਹ ਬਹੁਤ ਹੀ ਸੁੱਚਜਾ ਵਿਖਾਲੀ ਦਿੱਤਾ। ਅਤੇ ਇਹਨੇ ਆਪਣੀ ਪਕੜ ਜਮਾਈ ਅਤੇ ਕਾਲੇ ਨਾਗ ਵਾਂਗ ਸਾਹ ਨੂੰ ਹੀ ਨਸ਼ਟ ਕਰ ਦਿੱਤਾ ਭਾਵ ਸਾਹ ਕੱਢ ਕੇ ਅਤੇ ਉਸ ਕਲੀਸੀਯਾ ਦੇ ਅੰਦਰ ਦੀ ਸਾਰੀ ਰੂਹਾਨੀਅਤ ਨੂੰ ਮਾਰ ਸੁੱਟਿਆ। ਆਹ, ਝੂਠੀ ਬੇਲ ਤਾਂ ਚਤਰ ਹੈ। ਅਤੇ ਇਹ ਤਾਂ ਰੌਸ਼ਨੀ ਦੇ ਦੂਤ ਵਾਂਗ ਹੈ ਜਦ ਤੱਕ ਕਿ ਤੁਹਾਡੇ ਪਕੜ ਨਾ ਜਮਾ ਲਵੇ। ਅਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਅਗੁਵਾਈ ਵਿੱਚ ਭਰੋਸਾ ਕਰਦਾ ਹਾਂ। ਤਾਂ ਮਨੁੱਖ ਰੱਖੇ ਹਨ, ਉਹ ਮਨੁੱਖ ਜਿਹੜੇ ਆਤਮਾ ਦੇ ਰਾਹੀ ਦਾਤਾਂ ਨਾਲ ਭਰਪੂਰ ਹਨ, ਅਤੇ ਉਹ ਮਨੁੱਖ ਕਲੀਸੀਯਾ ਨੂੰ ਠੀਕ ਢੰਗ ਨਾਲ ਚਲਾਉਣਗੇ। ਮੈਂ ਇਹਦਾ ਵਿਸ਼ਵਾਸ਼ ਕਰਦਾ ਹਾਂ। ਮੈਂ ਇਹ ਵੀ ਭਰੋਸਾ ਕਰਦਾ ਹਾਂ ਕਿ ਪਰਮੇਸ਼ੁਰ ਦੇ ਘੱਲੇ ਹੋਏ ਮਨੁੱਖ ਜੋ ਕਿ ਆਣ ਕੇ ਕਲਸੀਯਾ ਦੀ ਦੇਖ ਭਾਲ ਉਹਨਾਂ ਦੇ ਦੁਆਰਾ ਕਲੀਸੀਯਾ ਦੀ ਅਗੁਵਾਈ ਹੁੰਦੀ ਹੈ। ਪਰ ਉਹ ਹਕੂਮਤ ਤਾਂ ਬਚਨ ਦੇ ਦੁਆਰਾ ਹੈ, ਕਿਉਂਕਿ ਬਚਨ ਅਤੇ ਆਤਮਾ ਤਾਂ ਇੱਕ ਹਨ। ਇਬਰਾਨੀਆਂ ੧੩:੭, "ਤੁਸੀ ਆਪਣੇ ਆਗੂਆਂ ਨੂੰ ਚੇਤੇ ਰੱਖੋ ਜਿਨ੍ਹਾਂ ਤੁਹਾਨੂੰ ਪਰਮੇਸ਼ੁਰ ਦਾ ਬਚਨ ਸੁਣਾਇਆ। ਉਹਨਾਂ ਦੀ ਚਾਲ ਦੇ ਉੜਕ ਵੱਲ ਧਿਆਨ ਕਰ ਕੇ ਉਹਨਾਂ ਦੀ ਨਿਹਚਾ ਦੀ ਰੀਸ ਕਰੋ।"

ਪਰ ਵੇਖੋ ਉਹ ਕਲੀਸੀਯਾ ਵਿੱਚ ਕੀ ਹੋ ਰਿਹਾ ਸੀ। ਝੂਠੀ ਬੇਲ ਜੜ੍ਹ ਫੜ ਰਹੀ ਸੀ ਅਤੇ ਇਹ ਸਿਖਾ ਰਹੀ ਸੀ ਕਿ ਮਨੁੱਖੀ ਅਗੁਵਾਈ ਜਾਂ ਹਕੂਮਤ ਠੀਕ ਹੈ। ਏਹਨੇ ਸਿਖਾਇਆ ਕਿ ਕਲੀਸੀਯਾ ਦੇ ਉਤੇ ਹਕੂਮਤ ਕਰਨੀ ਜਰੂਰੀ ਹੈ। ਇਹਨੇ ਲੋਕਾਂ ਦੇ ਉਤੇ ਕਾਬੂ ਰੱਖਣਾ ਸਿਖਾਇਆ, ਬਜਾਏ ਇਸਦੇ ਕਿ ਪਰਮੇਸ਼ੁਰ ਦੇ ਢੰਗ ਨਾਲ ਇਹ ਕੀਤਾ

ਜਾਵੇ ਉਹਨਾਂ ਨੇ ਏਦਾਂ ਹੀ ਸਾਰਾ ਇਖਤਿਆਰ ਆਪਣੇ ਹੱਥ ਵਿੱਚ ਲੈ ਲਿਆ ਅਤੇ ਸਾਰੀ ਰੂਹਾਨੀ ਸ਼ਕਤੀ ਨੂੰ ਆਪਣੇ ਹੱਕ ਵਿੱਚ ਕਰ ਲਿਆ ਅਤੇ ਪਵਿੱਤ੍ਰ ਜਾਜਕਾਈ ਦੀ ਸਿਖਿਆ ਦਿੱਤੀ ਤੇ ਲੋਕਾਂ ਅਤੇ ਪਰਮੇਸ਼ੁਰ ਦੇ ਵਿਚਾਲੇ ਵਿਚੋਲਗੀ ਕੀਤੀ। ਅਤੇ ਉਹ ਠੀਕ ਪੁਰਾਣੀ ਹਾਰੂਨ ਜਾਜਕ ਵਾਲੀ ਰੀਤ ਦੀ ਵੱਲ ਚਲੇ ਗਏ। ਅਤੇ ਉਹ ਮਸੀਹ ਵਿਰੋਧੀ ਬਣ ਗਏ ਕਿਉਂਕਿ ਉਹਨਾਂ ਨੇ ਪਰਮੇਸ਼ੁਰ ਦੀ ਅਗੁਵਾਈ ਨੂੰ ਛੱਡ ਦਿੱਤਾ ਅਤੇ ਆਪਣੀ ਅਗੁਵਾਈ ਨੂੰ ਲਾਗੂ ਕਰ ਦਿੱਤਾ। ਪਰਮੇਸ਼ੁਰ ਨੇ ਇਸ ਗੱਲ ਤੋਂ ਨਫਰਤ ਕੀਤੀ। ਅਫਸੁਸ ਦੇ ਲੋਕਾਂ ਨੇ ਇਹਦੇ ਤੋਂ ਸੂਗ ਕੀਤੀ ਅਤੇ ਕੋਈ ਸੱਚਾ ਨਿਹਚਾਵਾਨ ਇਹਦੇ ਤੋਂ ਸੂਗ ਕਰੇਗਾ। ਅਤੇ ਸਾਨੂੰ ਏਸੇ ਹੀ ਚੀਜ ਨੂੰ ਸਭ ਯੁੱਗਾਂ ਵਿੱਚ ਕੰਮ ਕਰਦੇ ਹੋਏ ਨਾ ਵੇਖਣ ਲਈ ਪੱਥਰ ਦੇ ਡੇਲਿਆਂ ਵਾਲੇ ਹੋਣਾ ਪਵੇਗਾ ਅਤੇ ਇਸ ਸਮੇਂ ਤਾਂ ਇਹ ਸਭ ਤੋਂ ਵਧੀਕ ਬੁਰੀ ਹਾਲਤ ਵਿੱਚ ਹੈ। ਅਤੇ ਇਹ ਕੀ ਸੀ ਇਹ ਜੱਥੇਬੰਦੀ ਸੀ। ਜਿਹਨੇ ਕਿ ਲੋਕਾਂ ਨੂੰ ਅੱਡਰਿਆਂ ਕੀਤਾ। ਪਰਮੇਸ਼ੁਰ ਦੇ ਲੋਕ ਤਾਂ ਇੱਕ ਹੋਣੇ ਚਾਹੀਦੇ ਹਨ। ਇਕੋ ਹੀ ਆਤਮਾ ਦੇ ਦੁਆਰਾ ਸਭਨਾਂ ਨੂੰ ਇਕ ਦੇਹ ਹੋਣ ਦੇ ਲਈ ਬਪਤਿਸਮਾ ਦਿੱਤਾ ਗਿਆ ਹੈ ਹਰੇਕ ਨੇ ਪਵਿੱਤ੍ਰ ਆਤਮਾ ਦੇ ਦੁਆਰਾ ਚੱਲਣਾ ਹੈ ਅਤੇ ਹਰੇਕ ਨੇ ਪਰਮੇਸ਼ੁਰ ਦੀ ਉਪਾਸਨਾ ਵਿੱਚ ਭਾਗ ਲੈਣਾ ਹੈ। ਪਰ ਮਨੁੱਖਾਂ ਨੇ ਪਹਿਲ ਚਾਹੀ, ਤੇ ਉਹਨਾਂ ਨੇ ਇਖਤਿਆਰ ਸੰਭਾਲ ਲਿਆ ਅਤੇ ਬਿਸ਼ਪ ਮੁੱਖ ਬਿਸ਼ਪ ਬਣ ਗਏ, ਅਤੇ ਏਦਾਂ ਦੇ ਆਹੁਦਿਆਂ ਨੂੰ ਲਾਗੂ ਕਰਕੇ ਉਹਨਾਂ ਨੇ ਪਰਮੇਸ਼ੁਰ ਦੇ ਬਚਨ ਦੀ ਉਲੰਘਣਾ ਕੀਤੀ ਅਤੇ ਆਪਣੀ ਹੀ ਸਿਖਿਆ ਦਿੱਤੀ। ਅਤੇ ਉਹਨਾਂ ਨੇ ਲੋਕਾਂ ਕੋਲੋਂ ਆਪਣੀ ਮੰਨਤਾ ਕਰਾਈ ਜਦ ਕਿ ਅਜਿਹਾ ਸਮਾਂ ਆ ਗਿਆ ਕਿ ਉਹਨਾਂ ਦਾ ਉਪਾਸਨਾ ਕਰਨ ਦਾ ਤੌਰ ਤਰੀਕਾ ਬਿਲਕੁਲ ਵੀ ਪੰਤੇਕੁਸਤ ਦੇ ਬਾਦ ਪਹਿਲੀ ਕਲੀਸੀਯਾ ਦੇ ਨਾਲ ਬਿਲਕੁਲ ਵੀ ਰਲਦਾ ਮਿਲਦਾ ਨਹੀਂ ਸੀ। ਅਤੇ ਚੇਲਿਆਂ ਦੀ ਗੱਦੀ ਸੰਭਾਲਣ ਦੀ ਸ਼ੁਰੂਆਤ ਇਹ ਨਿਕੁਲਾਈਆਂ ਦੇ ਕੰਮ ਸਨ। ਅਤੇ ਚੇਲਿਆਂ ਦੀ ਗੱਦੀ ਸੰਭਾਲਣ ਦੇ ਬਾਦ ਇਹ ਇੱਕ ਸੌਖਾ ਅਤੇ ਸ਼ਤਾਬੀ ਕਦਮ ਲੋਕਾਂ ਨੂੰ "ਗਿਰਜੇ ਦੇ ਮੈਂਬਰ" ਬਨਾਉਣ ਵਿੱਚ ਚੁੱਕਿਆ ਅਤੇ ਇਸ ਕਾਰਵਾਈ ਨੇ ਕਿਰਪਾ ਦੇ ਦੁਆਰਾ ਬੱਚ ਕੇ ਕਲੀਸੀਯਾ ਵਿੱਚ ਸ਼ਾਮਲ ਹੋਣ ਦੀ ਥਾਂ ਲੈ ਲਈ। ਅਤੇ ਬਚਨ ਦੀ ਥਾਂ ਅਕੀਦੇ ਬਣ ਗਏ । ਅਤੇ ਮਸੀਹ ਵਿਰੋਧੀ ਆਪਣੇ ਆਤਮਾ ਦੇ ਦੁਆਰਾ ਕਲੀਸੀਯਾ ਉਤੇ ਹਾਵੀ ਹੋ ਰਿਹਾ ਸੀ।

ਅੱਜ ਇਹਦੀ ਵੱਲ ਵੇਖੋ। ਜੇ ਤੁਸੀਂ ਰਸੂਲਾਂ ਦੇ ਕਰਤੱਬ ੨:੪ ਪੜ੍ਹੋ ਜਿਦਾਂ ਕਿ ਕੁਝ ਲੋਕ ਇਹਨੂੰ ਇਸ ਢੰਗ ਨਾਲ ਪੜ੍ਹਦੇ ਹਨ, ਤੁਸੀ ਇਹਨੂੰ ਇਸ ਢੰਗ ਨਾਲ ਪੜ੍ਹ ਸਕਦੇ ਹੋ, "ਜਦ ਪੰਤੇਕੁਸਤ ਦਾ ਦਿਨ ਪੂਰੀ ਤਰਾਂ ਆ ਗਿਆ, ਅਤੇ ਜਾਜਕ (ਪਾਦਰੀ) ਪਤਾਸੇ ਵਰਗੀ ਗੋਲ ਰੋਟੀ ਨਾਲ ਆਇਆ ਅਤੇ ਆਖਿਆ, "ਆਪਣੀ ਜੀਭ ਬਾਹਰ ਕੱਢੋ, ਅਤੇ ਉਹਨੇ ਉਹ ਰੋਟੀ ਉਹਦੇ ਉਤੇ ਧਰ ਦਿੱਤੀ, ਅਤੇ ਪਾਦਰੀ ਨੇ ਆਪਣੇ ਆਪ ਵੀ ਕੁਝ ਦਾਖਰਸ ਪੀਤੀ ਅਤੇ ਆਖਿਆ, "ਤੁਸਾਂ ਹੁਣ ਪਵਿੱਤ੍ਰ ਆਤਮਾ ਪਾ ਲਿਆ ਹੈ। "ਬਿਲਕੁਲ ਵੀ ਭਰੋਸੇਮੰਦ ਨਹੀਂ ? ਠੀਕ ਏਦਾਂ ਹੀ ਨਿਕੁਲਾਈ ਲੋਕ ਵੀ ਆਏ ਹਨ। ਉਹ ਆਖਦੇ ਹਨ, "ਇਹਦੀ ਪਰਵਾਹ ਨਾ ਕਰੋ ਕਿ ਪਰਮੇਸ਼ੁਰ ਦਾ ਬਚਨ ਕੀ ਆਖਦਾ ਹੈ। ਤੁਸੀਂ ਇਹਨੂੰ ਸਮਝ ਨਹੀਂ ਸਕਦੇ। ਅਸੀ ਇਹਦਾ ਅਨੁਵਾਦ ਤੁਹਾਡੇ ਲਈ ਕਰਨਾ ਹੈ ਅਤੇ ਅਗਲੀ ਗੱਲ ਇਹ ਹੈ ਕਿ ਬਾਈਬਲ ਖਤਮ ਨਹੀ ਹੋ ਗਈ ਹੈ। ਇਹਨੇ ਸਮੇਂ ਦੇ ਨਾਲ ਨਾਲ ਬਦਲਣਾ ਹੈ ਅਤੇ ਅਸੀ ਤੁਹਾਨੂੰ ਦੱਸ ਦਿਆਗੇ ਕਿ ਕਿਹੜੇ ਕਿਹੜੇ ਬਦਲੇ ਹੋਏ ਹਨ।" ਕਿੰਨਾਂ ਇਹ ਪਰਮੇਸ਼ੁਰ ਦੇ ਬਚਨ ਦੇ ਉਲਟ ਹੈ ਜੋ ਕਿ ਬੜੇ ਜ਼ੋਰ ਨਾਲ ਆਖਦਾ ਹੈ, " ਪਰਮੇਸ਼ੁਰ ਸੱਚਾ ਠਹਿਰੇ ਤੇ ਹਰੇਕ ਮਨੁੱਖ ਝੂਠਾ," ਜਦ ਕਦੇ ਵੀ ਸੱਚ ਨਾਲ ਰਫੜ ਪੈਂਦਾ ਹੈ। ਜਮੀਨ ਅਸਮਾਨ ਟੱਲ ਜਾਣਗੇ, ਪਰ ਪਰਮੇਸ਼ੁਰ ਦਾ ਇੱਕ ਬਚਨ ਵੀ ਕਦੇ ਨਹੀਂ ਟਲੇ ਗਾ। ਸੋ ਲੋਕ ਅੱਜ ਲੋਕਾਂ ਦੇ ਦੁਆਰਾ ਚਲਾਏ ਜਾਂਦੇ ਤੇ ਉਹ ਆਗੂ ਆਪਣੇ ਆਪ ਵਿੱਚ ਏਦਾਂ ਸੋਚਦੇ ਹਨ ਜਦਕਿ ਉਹ ਉਦਾਂ ਦੇ ਨਹੀਂ ਹਨ ਜੋ ਉਹ ਸੋਚਦੇ ਹਨ ਕਿ ਉਹ ਮਸੀਹ ਦੀ ਥਾਂ ਹਨ ਪਰ ਜੋ ਉਹ ਹਨ ਉਹ ਤਾਂ ਮਸੀਹ



ਪਾਸੇ ਹੁੰਦਾ ਹੈ। ਉਹ ਉਸ ਗੱਲ ਨੂੰ ਇੱਕਠਾ ਕਰਦੇ ਹਨ, ਅਤੇ ਜਦ ਇਹ ਬਾਹਰ ਆਉਂਦੀ ਹੈ ਅਤੇ ਏਹੋ ਕੁਝ ਹੀ ਤੁਹਾਡੇ ਕੋਲ ਹੈ।

ਬਿਲਕੁਲ ਠੀਕ ਉਹਨਾਂ ਨੇ ਨੀਸੀਆ ਸਭਾ ਵਿੱਚ ਏਹੋ ਕੁਝ ਹੀ ਕੀਤਾ। ਬਿਲਕੁਨ ਠੀਕ ਏਦਾਂ ਹੀ ਮੈਥੋਡਿਸਟ, ਪਰੈਸਬਾਟੈਰੀਅਨਜ਼, ਚਰਚ ਔਫ ਕਰਾਇਸਟ ਅਤੇ ਬਾਕੀ ਸਭਨਾਂ ਨੇ ਕੀਤਾ ਹੈ। ਕੋਈ ਵੀ ਆਦਮੀ ਕੋਈ ਪਰਵਾਹ ਨਹੀਂ ਪਰਮੇਸ਼ੁਰ ਕੀ ਉਹਦੇ ਉਤੇ ਪ੍ਰਗਟ ਕਰਦਾ ਹੈ ਉਹਨੇ ਤਾਂ ਉਸੇ ਹੀ ਤਰੀਕੇ ਦੇ ਨਾਲ ਇਹਦੀ ਸਿਖਿਆ ਦੇਣੀ ਹੈ ਜਿਦਾਂ ਕਿ ਉਹਨਾਂ ਦੇ ਅਕੀਦੇ ਆਖਦੇ ਹਨ ਕਿ ਇਹ ਇੰਜ ਹੈ, ਨਹੀ ਤਾਂ ਉਹ ਤੁਹਾਨੂੰ ਬਾਹਰ ਕੱਢ ਦੇਣਗੇ। ਅਤੇ ਮੈਨੂੰ ਨਾ ਦੱਸੋ, ਮੈਂ ਉਥੇ ਰਿਹਾ ਹਾਂ, ਅਤੇ ਮੈਂ ਇਹ ਜਾਣਦਾ ਹੈ; ਬਿਲਕੁਲ ਠੀਕ ਏਦਾਂ ਹੀ ਵਾਪਰਿਆ ਹੈ, ਸੋ ਸਾਰੇ ਦੀ ਸਾਰੀ ਚੀਜ ਹੀ ਸਰਾਪਤ ਹੈ।

ਕੋਈ ਹੈਰਾਨੀ ਨਹੀਂ ਕਿ ਸਵਰਗ ਦੂਤ ਨੇ ਆਖਿਆ, " ਹੇ ਮੇਰੀ ਪਰਜਾ, ਉਹਦੇ ਵਿੱਚੋਂ ਨਿਕਲ ਆਉ ! ਮਤੇ ਤੁਸੀਂ ਉਹ ਦੀਆਂ ਬਵਾਂ ਵਿੱਚ ਸਾਂਝੀ ਹੋਵੋ।" ਕਿਉਂਕਿ ਉਹ ਸਰਾਪਤ ਹੈ, ਉਹਨੇ ਪਰਮੇਸ਼ੁਰ ਦੇ ਕਰੋਧ ਦੀ ਸਰਾਪ ਦਾ ਦੁੱਖ ਆਪਣੇ ਉਤੇ ਝਲਣਾ ਹੀ ਹੈ, ਕਿਉਂਕਿ ਆਪਣਾ ਸਤਗੁਣ ਅਤੇ ਜਨਮ ਅਧਿਕਾਰ ਵੇਚ ਦਿੱਤਾ ਹੈ। ਔਹ ਮੇਰਿਆਂ। ਪਰ ਯਾਦ ਰਹੇ, ਉਹ ਸਭ ਹਾਲਤ ਦੇਖਦੇ ਹੋਏ, ਪਰ ਤਦ ਭੀ ਪਰਮੇਸ਼ੁਰ ਨੇ ਯੋਏਲ ੨:੨੫, ( ਜੇ ਤੁਸੀਂ ਇਹਨੂੰ ਲਿਖਣਾ ਚਾਹੁੰਦੇ ਹੋ), ਅੰਤ ਦੇ ਦਿਨਾਂ ਵਿੱਚ ਜਦ ਉਹਨੇ ਕਿਹਾ, "ਜਿੰਨਿਆ ਵਰਿਹਾਂ ਦਾ ਸਲਾ ਨੇ ਖਾਧਾ, ਇੰਨਿਆਂ ਨੂੰ ਮੈਂ ਤੁਹਾਨੂੰ ਮੋੜ ਦਿਆਗਾ। ਟਿੱਡੀ, ਹੂੰਝਾ ਵੇਰ ਅਤੇ ਟੋਕ, – – – – "ਏਸੇ ਤਰਾਂ ਇੱਕ ਬਾਦ ਦੂਜਾ ਕੀੜਾ ਅਤੇ ਉਸ ਕਲੀਸੀਯਾ ਤੋਂ ਖਾਂਦਾ ਰਿਹਾ ਅੰਤ ਵਿੱਚ ਇਹ ਕੁਝ ਵੀ ਨਹੀ ਪਰ ਕੇਵਲ ਮਾਤਰ ਡੂਨ ਹੀ ਰਹਿ ਗਿਆ। ਭਾਵ ਟੁੰਡ ਹੀ ਰਹਿ ਗਿਆ।

ਗੌਹ ਕਰੋ, ਜੋ ਰੋਮੀਆਂ ਤੋਂ ਬਚਿਆ, ਉਹਨੂੰ ਲੂਥਰਨਜ਼ ਖਾ ਗਏ, ਜੋ ਲੂਥਰਨਜ਼ ਤੋਂ ਬੱਚਿਆ, ਉਹਨੂੰ ਮੈਥੋਡਿਸਟ ਖਾ ਗਏ; ਜੋ ਮੈਥੋਡਿਸਟਿਆਂ ਤੋਂ ਬਚਿਆ ਉਹਨੂੰ ਪੰਤੇਕੁਸਤੀਏ ਖਾ ਗਏ ਜਦ ਤਕ ਕਿ (ਲਾੜੀ) ਕਲੀਸੀਯਾਈ ਬ੍ਰਿਛ ਦਾ ਟੁੰਡ ਹੀ ਬਚਿਆ। ਤੁਸੀਂ ਜਾਣਦੇ ਹੋ ਕਿ ਕੀ ? ਤੁਸੀਂ ਉਹਨਾਂ ਕੀੜਿਆਂ ਨੂੰ ਲਉ ਉਹ ਹੂੰਝਾਂ  ਫੇਰ ਟਿੱਡੀ, ਟੋਕਾ ਵਗੈਰਾ ਵਗੈਰਾ ਅਤੇ ਉਹਨੂੰ ਪੂਰੀ ਕਿਤਾਬ ਵਿੱਚ ਵੇਖਦੇ ਜਾਉ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਇਹ ਤਾਂ ਉਹੋ ਹੀ ਕੀੜਾ ਹੈ ਪਰ ਵਖਰਿਆਂ ਵਖਰਿਆਂ ਰੂਪਾਂ ਵਿੱਚ ਹੈ।

ਆਪਣੇ ਨੁਕਤੇ ਤੇ ਟਿਕੇ ਰਹੋ : ਸੋ ਏਦਾਂ ਹੀ ਏਹ ਮੋਹਰਾਂ ਹਨ। ਇਹ ਉਹੋ ਹੀ ਕੀੜਾ ਹੈ। ਤੁਸੀ ਵੇਖੋਗੇ ਜਦ ਅਸੀ ਇਹਨੂੰ ਬਾਹਰ ਲਿਆਵਾਂਗੇ, ਹੁਣ ਮੈਂ ਤੁਹਾਨੂੰ ਦੱਸਦਾ ਹਾਂ : ਹਰ ਸਮੇਂ ਇਹ ਉਹੋ ਹੀ ਕੀੜਾ ਹੈ। ਚਾਰ ਛੋਟੇ ਕੀੜੇ ਏਥੇ ਚਾਰ ਹਨ, ਇਹ ਉਹੋ ਹੀ ਚੀਜ਼ ਹੈ ਇਹ ਉਹੋ ਹੀ ਆਤਮਾ ਹੈ। ਜੋ ਇੱਕ ਛੱਡਿਆ ਉਹਨੂੰ ਦੂਜਾ ਖਾ ਗਿਆ। ਜੋ ਏਸ ਕੀੜੇ ਨੇ ਬਾਕੀ ਰਹਿਣ ਦਿੱਤਾ ਉਹਨੂੰ ਦੂਜਾ ਖਾ ਗਿਆ ਏਦਾਂ ਹੀ ਹੁੰਦਾ ਗਿਆ, ਜਦ ਤੱਕ ਕਿ ਇਹ ਟੁੰਡ ਹੀ ਨਾ ਰਹਿ ਗਿਆ। ਪਰ ਯੋਏਲ ਨੇ ਆਖਿਆ, " ਜਿੰਨਿਆਂ ਵਰਿਹਾਂ ਦਾ ਸਲਾ ਨੇ ਖਾਧਾ, ਇੰਨਿਆਂ ਨੂੰ ਮੈਂ ਤੁਹਾਨੂੰ ਮੋੜ ਦਿਆਂਗਾ।"

ਇਹ ਕੀ ਹੈ ? ਕਿਵੇਂ ਉਹ ਇੰਜ ਮੋੜੇਗਾ ? ਜੋ ਇਹਦਾ ਅਰੰਭ ਮਸੀਹ ਵਿਰੋਧੀ ਦੇ ਤੌਰ ਤੇ ਮਸੀਹ ਦੀ ਸਿਖਿਆ

ਉਹੋ ਹੀ ਕਰੇ ਜੋ ਪਰਮੇਸ਼ੁਰ ਨੇ ਉਹਨੂੰ ਕਰਨ ਲਈ ਆਖਿਆ ਹੈ ਪਰ ਉਹਨੇ ਤਾਂ ਆਪਣੇ ਆਪ ਨੂੰ ਸਿਆਣੀ ਬਨਾਉਣਾ ਚਾਹਿਆ। ਅਤੇ ਉਹ ਸਿਆਣੀ ਬਨਣ ਲਈ ਦਾਨਸ਼ ਚਾਹੁੰਦੀ ਸੀ, ਅਤੇ ਉਹਨੇ ਸੋਚ ਵਿਚਾਰ ਨੂੰ ਸੁਣਿਆ। ਅਤੇ ਉਹਨੇ ਸਾਰੀ ਮਨੁੱਖ ਜਾਤੀ ਗੁਆ ਦੱਤੀ।

ਪਰ ਇਸ ਵਾਰ ਆਤਮਕ ਔਰਤ, ਮਸੀਹ ਦੀ ਲਾੜੀ, ਜਿਹੜੀ ਕਿ ਪਹਿਲੀ ਰਸੂਲੀ ਕਲੀਸੀਯਾ ਦੇ ਨਾਲ ਪੈਂਤਕੁਸਤ ਦੇ ਦਿਨ ਅਰੰਭ ਹੋਈ, ਏਹਨੇ ਵੀ ਉਸੇ ਹੀ ਗੱਲ ਨੂੰ ਨੀਸੀਆ ਸਭਾ ਦੇ ਵਿੱਚ ਗੁਆ ਲਿਆ – ਭਾਈ ਲੀ, ਤੁਸੀ ਜਾਣਦੇ ਹੋ ਕਿ ਇਹ ਠੀਕ ਹੈ। ਨੀਸੀਆ ਸਭਾ ਦੇ ਸਮੇਂ ਜਦ ਉਹਨੇ ਕਾਨਸਟੈਨਟਾਇਨ ਦੇ ਵੱਡੇ ਗਿਰਜੇ ਅਤੇ ਸਭ ਚੀਜ਼ਾਂ ਜੋ ਉਹਨੇ ਉਥੇ ਉਹਨਾਂ ਨੂੰ ਪੇਸ਼ ਕੀਤੀਆਂ ਲੈਣ ਲਈ ਆਪਣਾ ਆਤਮਕ ਜਨਮ ਹੱਕ ਵੇਚ ਦਿੱਤਾ; ਤੇ ਕੁਝ ਰੋਮ ਦੇ ਅਕੀਦਿਆ ਦੇ ਗੁੱਛੇ ਦੇ ਲਈ ਉਹਨੇ ਆਪਣਾ ਆਤਮਕ ਜਨਮ ਅਧਿਕਾਰ ਵੇਚ ਦਿੱਤਾ।

ਹੁਣ ਗੱਲ ਕੈਥੋਲਿਕ ਲੋਕਾਂ ਲਈ ਤਾਂ ਬੜੀ ਸਖਤ ਗੱਲ ਹੈ, ਪਰ ਪਰੋਟੈਸਟੈਨਟਜ਼ ਨੇ ਵੀ ਉਹੋ ਹੀ ਗੱਲ ਕੀਤੀ ਹੈ। ਉਹਨਾਂ ਨੂੰ ਬਾਈਬਲ ਵਿੱਚ ਏਥੇ ਵੱਡੀ ਕੰਜਰੀ ਦੀਆਂ ਧੀਆਂ ਕਰਕੇ ਦਰਸਾਇਆ ਗਿਆ ਹੈ। ਇਹ ਬਿਲਕੁਲ ਠੀਕ ਹੈ। ਉਹਨਾਂ ਵਿੱਚੋ ਹਰੇਕ। ਕੋਈ ਬਹਾਨੇ ਨਹੀ, ਪਰ ਉਹਨਾਂ ਦੇ ਵਿੱਚੋਂ ਸਦਾ ਹੀ ਇੱਕ ਛੋਟਾ ਬਕੀਆ – ਠੀਕ ਉਹਨੇ ਦੇ ਨਾਲ ਰਿਹਾ ਹੈ। ਜਿਹਦੇ ਤੋਂ ਲਾੜੀ ਬਣਦੀ ਹੈ। ਧਿਆਨ ਦਿਉ, ਉਹਨੇ ਆਪਣਾ ਜਨਮ ਅਧਿਕਾਰ ਗਵਾ ਲਿਆ, ਵੇਖਿਆ , ਇਸ ਤੋਂ ਪਹਿਲਾਂ ਕਿ ਉਹਦਾ ਪਤੀ ਉਹਦੇ ਕੋਲ ਜਾਵੇ; ਵਿਆਹ ਤੋਂ ਪਹਿਲਾਂ ਹੀ ਉਹ ਆਪਣੀ ਪੱਤ ਗੁਆ ਬੈਠੀ।

ਹੁਣ ਤੁਹਾਨੂੰ ਯਾਦ ਹੈ ਕਿ ਉਹਨੇ ਕੀ ਆਖਿਆ, "ਮੈਂ ਰਾਣੀ ਬਣ ਕੇ ਬੈਠੀ ਹੋਈ ਹਾਂ। ਮੈਨੂੰ ਕਾਸੇ ਦੀ ਵੀ ਲੋੜ ਨਹੀ ਹੈ"ਲਾਉਦੀਕੀਏ ਦੇ ਯੁੱਗ ਵਿੱਚ।" ਮੈਂ ਧਨਵਾਨ ਹਾਂ ਤੇ ਮੇਰਾ ਮਾਲ ਅਸਬਾਬ ਵੱਧ ਗਿਆ ਹੈ," ਅਤੇ ਵਗੈਰਾ ਵਗੈਰਾ, " ਅਤੇ ਔਹ, ਸਾਰਾ ਸੰਸਾਰ ਮੇਰੀ ਵੱਲ ਵੇਖਦਾ ਹੈ। ਮੈਂ ਸਭ ਤੋਂ ਵੱਡਾ ਪਵਿੱਤ੍ਰ ਗਿਰਜਾ ਹਾਂ, "ਅਤੇ ਵਗੈਰਾ ਵਗੈਰਾ। "ਅਸੀ ਤਾਂ ਏਦਾਂ ਹਾਂ।" – – – – ਸਾਰਾ ਹੀ ਯੁੱਗ। ਉਹਨੇ ਕਿਹਾ, " ਅਤੇ ਨਹੀਂ ਜਾਣਦਾ ਹੈ ਜੋ ਤੂੰ ਦੁਖੀ , ਮੰਦਭਾਗੀ, ਕੰਗਾਲ, ਅੰਨ੍ਹਾਂ ਅਤੇ ਨੰਗਾ ਹੈ।" ਇਹ ਹਾਲਤ ਹੈ।

ਹੁਣ ਜੇ ਪਵਿੱਤ੍ਰ ਆਤਮਾ ਨੇ ਆਖਿਆ ਹੈ ਕਿ ਇਸ ਤਰਾਂ ਦੀ ਹਾਲਤ ਅੰਤ ਦੇ ਦਿਨਾਂ ਵਿੱਚ ਹੋਵੇਗੀ, ਇਹ ਉਸੇ ਹੀ ਤਰਾਂ ਹੈ। ਇਹਦੇ ਦੁਆਲੇ ਫਿਰਨ ਦਾ ਕੋਈ ਤਰੀਕਾ ਨਹੀਂ ਹੈ। ਏਹਦਾ ਏਹੋ ਹੀ ਤਰੀਕਾ ਹੈ।

ਹੁਣ ਗੌਹ ਕਰੋ। ਹੁਣ ਜਦ ਕਲੀਸੀਯਾ ਨੇ ਪੁਰਾਣੇ ਸਮੇਂ ਵਿੱਚ ਆਪਣਾ ਜਨਮ ਅਧਿਕਾਰ ਵੇਚ ਦਿੱਤਾ, ਆਪਣਾ ਸਤਗੁਣ ਠੀਕ ਬਚਨ ਵਾਲਾ, ਉਹਨੇ ਕੀ ਕੀਤਾ ? ਜਦ ਹਵਾ ਨੇ ਇਹ ਕੀਤਾ ਉਹਨੇ ਸ੍ਰਿਸ਼ਟੀ ਨੂੰ ਗੁਆ ਦਿੱਤਾ। ਸਾਰੀ ਉਤਪਤੀ ਉਹਦੇ ਅਧੀਨ ਡਿੱਗ ਪਈ। ਹੁਣ ਧਿਆਨ ਦਿਉ ਕਲੀਸਿਆ ਨੇ ਇਹ ਕੀਤਾ, ਜਦ ਆਤਮਾ ਅਤੇ ਬਚਨ ਦੀ ਥਾਂ ਅਕੀਦੇ ਕਬੂਲ ਕਰ ਲਏ, ਤਾਂ ਇਸ ਗੱਲ ਨੇ ਸਾਰੀ ਹੀ ਪ੍ਰਣਾਲੀ ਨੂੰ ਸਰਾਪਤ ਕਰ ਦਿੱਤਾ। ਹਰੇ ਕ ਫਿਰਕਾਪਰਸਤ ਮਿਸ਼ਨੀ ਪ੍ਰਣਾਲੀ ਜੋ ਕਦੇ ਹੋਇਆ ਹੈ ਜਾਂ ਹੋਵੇਗਾ ਇਹਦੇ ਨਾਲ ਸਰਾਪਤ ਹੋਇਆ ਅਤੇ ਡਿੱਗ ਪਿਆ, ਕਿਉਂਕਿ ਹੋਰ ਕੋਈ ਰਾਹ ਨਹੀ ਹੈ। ਜਦ ਤੁਸੀ ਕੁਝ ਮਨੁੱਖਾਂ ਦਾ ਟੋਲਾ ਕਿਸੇ ਗੱਲ ਨੂੰ ਲੱਭਣ ਲਈ ਜਮਾ ਕਰਦੇ ਹੋ ਤਾਂ, ਇਕ ਮਨ ਇਕ ਪਾਸੇ ਹੁੰਦਾ ਹੈ, ਦੂਜੇ ਦਾ ਮਨ ਦੂਜੇ ਪਾਸੇ ਹੁੰਦਾ ਹੈ, ਅਤੇ ਤੀਜੇ ਦਾ ਮਨ ਇਸ



ਵਿਰੋਧੀ ਹੈ। ਅਤੇ ਇੱਕ ਹੋਰ ਦੁੱਖ ਦਾਇਕ ਕਹਾਣੀ ਹੈ। ਇਹ ਕਹਾਣੀ ਪਾਣੀ ਦੇ ਬਪਤਿਸਮੇ ਦੀ ਹੈ। ਯਿਸੂ ਦੇ ਜ਼ਮਾਨੇ ਵਿੱਚ ਅਤੇ ਪੈਂਤੇਕੁਸਤ ਦੇ ਬਾਦ ਉਹਨਾਂ ਨੂੰ ਡੁੱਬਕੀ ਦਿੱਤੀ ਜਾਂਦੀ ਸੀ। ਕੋਈ ਵੀ ਇਸ ਗੱਲ ਦਾ ਇਨਕਾਰ ਨਹੀ ਕਰ ਸਕਦਾ। ਪਰ ਪੜੇ ਲਿਖੇ ਲੋਕ ਲਾਖਦੇ ਹਨ ਕਿ ਉਨ੍ਹਾਂ ਬੱਸ ਉਹਨਾਂ ਦੇ ਉਤੇ ਪਾਣੀ ਪਾਇਆ ਕਿਉ ਕਿ ਕਈ ਥਾਵਾਂ ਤੇ ਪਾਣੀ ਦੇ ਛੋਟੇ ਖੱਡੇ ਸੌਖਿਆ ਹੀ ਲੱਭ ਜਾਂਦੇ ਸਨ। ਅਤੇ ਉਹਨਾਂ ਨੇ ਜਦ ਉਹਨਾਂ ਉਤੇ ਪਾਣੀ ਪਾਇਆ, ਤਾਂ ਉਹਨਾਂ ਇਹ ਪਿਤਾ, ਪੁੱਤਰ ਅਤੇ ਪਵਿੱਤ੍ਰ ਆਤਮਾ ਦੇ ਨਾਮ ਵਿੱਚ ਕੀਤਾ, ਜਿਦਾਂ ਕਿ ਉਹ ਆਹੁੱਦੇ ਸੱਚੇ ਨਾਮ ਸਨ, ਅਤੇ ਏਦਾਂ ਜਿਦਾਂ ਕਿ ਇੱਕ ਪਰਮੇਸ਼ੁਰ ਦੀ ਥਾਂ ਤਿੰਨ ਹੋਣ। ਪਰ ਉਸ ਦੇ ਜੱਥੇ ਬੰਦੀ ਵਿੱਚ ਰਹਿ ਕੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੰਚ ਡੁੱਬਕੀ ਦੇ ਬਪਤਿਸਮੇ ਦੀ ਸਚਾਈ ਦੇ ਪਰਚਾਰ ਕਰਨ ਦਾ ਯਤਨ ਕਰੋ ਤਾਂ ਤੁਹਾਨੂੰ ਬਾਹਰ ਕੱਢ ਦਿੱਤਾ ਜਾਵੇਗਾ। ਅਤੇ ਤੁਸੀ ਪਰਮੇਸ਼ੁਰ ਦੀ ਅਗੁਵਾਈ ਪਾ ਕੇ ਤੇ ਉਥੇ ਨਹੀ ਰਹਿ ਸਕਦੇ। ਇਹ ਅਸੰਭਵ ਅਤੇ ਅਣਹੋਣਾ ਹੈ।

ਹੁਣ ਪੌਲੁਸ ਇੱਕ ਨਬੀ ਸੀ, ਜੋ ਕਿ ਪਵਿੱਤ੍ਰ ਆਤਮਾ ਦਾ ਸਿਖਾਇਆ ਹੋਇਆ ਸੀ। ਜੇ ਪੌਲੁਸ ਨੇ ਪ੍ਰਭੂ ਯਿਸੂ ਮਸੀਹ ਦੇ ਨਾਮ ਦਾ ਬਪਤਿਸਮਾ ਦਿੱਤਾ ਅਤੇ ਆਖਿਆ ਕਿ ਜੇ ਕੋਈ ਉਹਦੇ ਪਰਚਾਰ ਤੋਂ ਵੱਖਰਾ ਕੋਈ ਹੋਰ ਪਰਚਾਰ ਕਰੇ ਤਾਂ ਉਹ ਸਰਾਪਤ ਹੋਵੇ, ਤਾਂ ਫੇਰ ਇਹ ਹੁਣ ਜਾਗਣ ਦਾ ਸਮਾਂ ਹੈ ਤਾਂ ਕਿ ਵੇਖਿਆ ਜਾਵੇ ਕਿ ਕਲੀਸੀਯਾ ਹੁਣ ਪਵਿੱਤ੍ਰ ਆਤਮਾ ਦੀ ਅਗੁਵਾਈ ਨਾਲ ਨਹੀ ਚੱਲਦੀ ਹੈ ਪਰ ਇਹਦੇ ਉਤੇ ਤਾਂ ਨਿਕੁਲਾਈਆਂ ਦੀ ਹਕੂਮਤ ਦੇ ੨੦:੨੭–੩੦, "ਕਿਉ ਜੋ ਮੈਂ ਤੁਹਾਨੂੰ ਪਰਮੇਸ਼ੁਰ ਦੀ ਸਾਰੀ ਮੱਤ ਦੱਸਣ ਤੋਂ ਨਹੀ ਝਕਿਆ। ਤੁਸੀਂ ਆਪਣੇ ਨਾਲੇ ਉਸ ਸਾਰੇ ਇੱਜੜ ਦੀ ਖਬਰਦਾਰੀ ਕਰੋ ਜਿਹਦੇ ਉਤੇ ਪਵਿੱਤ੍ਰ ਆਤਮਾ ਨੇ ਤੁਹਾਨੂੰ ਨਿਗਾਹਬਾਨ ਠਹਿਰਾਇਆ ਹੈ ਜੋ ਪਰਮੇਸ਼ੁਰ ਦੀ ਕਲੀਸੀਯਾ ਦੀ ਚਰਵਾਹੀ ਕਰੋ ਜਿਹਨੂੰ ਉਹਨੇ ਆਪਣੇ ਹੀ ਲਹੂ ਨਾਲ ਮੁੱਲ ਲਿਆ ਹੈ। ਮੈਂ ਜਾਣਦਾ ਹਾਂ ਜੋ ਮੇਰੇ ਜਾਣ ਦੇ ਪਿੱਛੋਂ ਬੁਰੇ ਬੁਰੇ ਬਘਿਆੜ ਤੁਹਾਡੇ ਵਿੱਚ ਆ ਵੜਨਣਗੇ ਜੋ ਇੱਜੜ ਨੂੰ ਨਾ ਛੱਡਣਗੇ।

ਅਤੇ ਤੁਹਾਡੇ ਆਪਣੇ ਹੀ ਵਿੱਚੋਂ ਕਈ ਪੁਰਸ਼ ਖੜੇ ਹੋਣਗੇ ਜਿਹੜੇ ਉਲਟੀਆਂ ਗੱਲਾਂ ਕਰਨਗੇ ਭਈ ਚੇਲਿਆਂ ਨੂੰ ਆਪਣੀ ਵੱਲ ਖਿੱਚ ਲੈ ਜਾਣ।"

ਪੌਲੁਸ ਨੇ ਇਹਨੂੰ ਆਉਂਦੇ ਵੇਖ ਲਿਆ ਸੀ। ਪਰ ਉਸ ਨੇ ਉਹਨਾਂ ਨੂੰ ਇਸ ਚਤੁਰ ਜਾਜਕਾਈ ਦੇ ਬਾਰੇ ਵਿੱਚ ਸਾਵਧਾਨ ਕੀਤਾ ਜੋ ਕਿ ਆਣ ਕੇ ਆਪਣੀ ਝੂਠੀ ਸਿਖਿਆ ਦੇ ਨਾਲ ਅਧਿਕਾਰ ਜਮਾ ਲੈਣਗੇ। ਉਹ ਜਾਣਦਾ ਸੀ ਕਿ ਉਹ ਉਪਾਸ਼ਨਾ ਦਾ ਇੱਕ ਅਜਿਹਾ ਢੰਗ ਕੱਢਣਗੇ ਤੇ ਲਾਗੂ ਕਰ ਦੇਣਗੇ ਜੋ ਕਿ ਲੋਕਾਂ ਨੂੰ ਪਵਿੱਤ੍ਰ ਆਤਮਾ ਦੀ ਸੇਵਾ ਦੇ ਕਿਸੇ ਵੀ ਭਾਗ ਵਿੱਚ ਸ਼ਾਮਲ ਨਹੀਂ ਹੋਣ ਦੇਵੇਗਾ। ਅਤੇ ਠੀਕ ਅੱਜ ਵੀ ਉਹਨਾਂ ਦੇ ਵਿਚਾਲੇ ਜਿਹੜੇ ਅਜ਼ਾਦ ਅਤੇ ਪਵਿੱਤ੍ਰ ਆਤਮਾ ਦੇ ਨਾਲ ਭਰੇ ਹੋਏ ਹੋਣ ਦਾ ਦਾਵਾ ਕਰਦੇ ਹਨ ਅਤੇ ਉਹਨਾਂ ਦੇ ਸਾਧਾਰਣ ਲੋਕਾਂ ਦੇ ਵਿਚਾਲੇ ਬਹੁਤ ਸਾਰੀ ਅਜ਼ਾਦੀ ਨਹੀਂ ਹੈ, ਅਤੇ ਸਭ ਤੋਂ ਵਧੀਆ ਜੋ ਅਸੀਂ ਵੇਖ ਸਕਦੇ ਹਾਂ ਉਹ ਇਹ ਹੈ ਕਿ ਕੁਝ ਪਰਚਾਰਕ ਲੋਕ ਆਤਮਾ ਦੀ ਪਰੇਰਣਾ ਪਾ ਕੇ ਪਰਚਾਰ ਕਰਦੇ ਹਨ ਜਦ ਕਿ ਝੁੰਡ ਉਥੇ ਬਹਿ ਕੇ ਤੇ ਉਸ ਪਰਚਾਰ ਨੂੰ ਜੀਰ ਲੈਣ ਦਾ ਯਤਨ ਕਰਦਾ ਹੈ। ਪਰ ਅੱਜ ਦੀ ਹਾਲਤ ਤਾਂ ਪੌਲੁਸ ਦੀ ਦੁਹਾਈ ਨਾਲੋਂ ਕਿਤੇ ਵੱਖਰੀ ਹੈ ਜਿਹਨੇ ਆਖਿਆ ਸੀ ਕਿ ਜਦ ਸਭ ਜਮਾ ਹੋਏ, ਤਾਂ ਸਭਨਾ ਦੇ ਕੋਲ ਆਤਮਾ ਦੀ ਅਗੁਵਾਈ ਸੀ, ਅਤੇ ਸਭਨਾਂ

ਨੇ ਆਤਮਿਕ ਉਪਾਸਨਾ ਵਿੱਚ ਭਾਗ ਲਿਆ।
ਅਤੇ ਜੱਥੇਬੰਦ ਗਿਰਜਿਆਂ ਨੇ ਕਦੇ ਵੀ ਨਾਂ ਤਾਂ ਇਤਿਹਾਸ ਤੋਂ ਹੀ ਤੇ ਨਾ ਹੀ ਲਿਖਤਾਂ ਤੋਂ ਹੀ ਸਬਕ ਸਿਖਿਆ। ਹਰ ਵਾਰੀ ਜਦ ਵੀ ਪਰਮੇਸ਼ੁਰ ਪਵਿੱਤ੍ਰ ਆਤਮਾ ਨੂੰ ਘੱਲਦਾ ਅਤੇ ਲੋਕ ਅਜ਼ਾਦ ਹੁੰਦੇ, ਅਤੇ ਥੋੜੇ ਚਿਰ ਬਾਦ ਉਹ ਫੇਰ ਆਪਣੇ ਆਪ ਨੂੰ ਉਸੇ ਹੀ ਚੀਜ਼ ਵਿੱਚ ਬੰਨ ਲੈਂਦੇ ਜਿਹਦੇ ਵਿੱਚੋਂ ਉਹ ਅਜ਼ਾਦ ਹੋਏ ਸਨ। ਜਦ ਲੂਥਰ ਕੈਥੋਲਿਕ ਮਤ ਵਿੱਚ ਬਾਹਰ ਨਿਕਲਿਆ ਤਾਂ ਲੋਕ ਕੁਝ ਚਿਰ ਤੱਕ ਅਜ਼ਾਦ ਰਹੇ।

ਪਰ ਜਦ ਉਹ ਮਰ ਗਿਆ, ਤਾਂ ਲੋਕਾਂ ਨੇ ਸਹਿਜੇ ਨਾਲ ਹੀ ਜੱਥੇਬੰਦੀ ਬਣਾ ਲਈ ਜੋ ਵੀ ਉਹਨਾਂ ਸੋਚਿਆ ਕਿ ਇਹ ਲੂਥਰ ਦਾ ਵਿਸ਼ਵਾਸ ਸੀ ਅਤੇ ਆਪਣੇ ਹੀ ਅਕੀਦੇ ਅਤੇ ਵਿਚਾਰ ਖੜੇ ਕਰ ਦਿੱਤੇ ਅਤੇ ਜੇ ਕਿਸੇ ਨੇ ਉਹਨਾਂ ਦੇ ਆਖੇ ਦੇ ਵਿਰੋਧ ਵਿੱਚ ਕੁਝ ਕਿਹਾ ਤਾਂ ਉਹਨੂੰ ਗਿਰਜੇ ਵਿੱਚੋਂ ਬਾਹਰ ਕੱਢ ਦਿੱਤਾ ਗਿਆ। ਉਹ ਤਾਂ ਥੋੜੇ ਜਿਹੇ ਵਖਰੇ ਰੂਪ ਦੇ ਨਾਲ ਵਾਪਸ ਕੈਥੋਲਿਕ ਮੱਤ ਦੀ ਵੱਲ ਹੀ ਚਲੇ ਗਏ। ਅਤੇ ਠੀਕ ਅੱਜ ਵੀ ਕਈ ਲੂਥਰਨਜ਼ ਉਸੇ ਹੀ ਹਾਲਤ ਵਿੱਚ ਪਿਛਾਂਹ ਜਾਣ ਦੇ ਲਈ ਤਿਆਰ ਹਨ। ਆਹ, ਹਾਂ ਜੀ ! ਪਰਕਾਸ਼ ਦੀ ਪੋਥੀ ੧੨ ਅਧਿਆਏ ਵਿੱਚ, ਉਸ ਵੱਡੀ ਕੰਜਰੀ ਦੀਆਂ ਕਈ ਧੀਆਂ ਸਨ। ਅਤੇ ਧੀਆਂ ਬਿਲਕੁਲ ਮਾਂ ਵਰਗੀਆਂ ਹੀ ਹਨ। ਉਹ ਪਰਮੇ ਸ਼ੁਰ ਦੇ ਬਚਨ ਨੂੰ ਲਾਂਭੇ ਰੱਖ ਕੇ, ਤੇ ਪਰਮੇਸ਼ੁਰ ਦੇ ਆਤਮਾ ਦੇ ਕੰਮ ਦਾ ਇਨਕਾਰ ਕਰਦੇ ਹਨ, ਅਤੇ ਸਾਧਾਰਣ ਲੋਕਾਂ ਦੇ ਉਤੇ ਅਧਿਕਾਰ ਜਮਾਉਂਦੇ ਹਨ, ਅਤੇ ਜਦ ਤੱਕ ਕਿ ਸਾਧਾਰਣ ਲੋਕ ਉਹਨਾਂ ਦੇ ਬਣਾਏ ਹੋਏ ਤਰੀਕਿਆਂ ਦੇ ਨਾਲ ਨਾ ਆਉਣ ਜਾਂ ਉਹਨਾਂ ਦੇ ਰਾਹੀ ਨਾ ਆਉਣ ਏਦਾਂ ਉਹ ਸਾਧਾਰਨ ਲੋਕਾਂ ਦੇ ਲਈ ਪਰਮੇਸ਼ੁਰ ਦੀ ਉਪਾਸਨਾ ਨੂੰ ਅਸੰਭਵ ਬਣਾਉਂਦੇ ਹਨ, ਅਤੇ ਉਹਨਾਂ ਦੇ ਤਰੀਕੇ ਹੋਰ ਕੁਝ ਨਹੀ ਹਨ ਪਰ ਸ਼ੈਤਾਨ ਦੀ ਵਲੋਂ ਬੇ ਪਰਤੀਤੀ ਦਾ ਦਿੱਤਾ ਹੋਇਆ ਇੱਕ ਨਕਸ਼ਾ ਹੈ।

ਕਿਥੇ, ਔਹ ਕਿਥੇ ਅਸੀ ਅੱਜ ਆਤਮਿਕ ਤੌਰ ਤੇ ਹਾਂ ? ਅਸੀ ਤਾਂ ਅਨ੍ਹੇਰੇ ਦੇ ਬੀਆਬਾਨ੍ਹ ਜਾਂ ਉਜਾੜ ਵਿੱਚ ਹਾਂ। ਅਤੇ ਕਿੰਨੀ ਕੁ ਦੂਰ ਅਸੀਂ ਪਹਿਲੀ ਕਲੀਸੀਯਾ ਤੋਂ ਜਾ ਚੁੱਕੇ ਹਾਂ। ਅਤੇ ਅੱਜ ਪੈਂਤੇਕੁਸਤ ਵਾਲਾ ਤਜਰਬਾ ਕਿਤੇ ਵੀ ਨਜਰੀ ਨਹੀ ਆਉਂਦਾ ਅਤੇ ਬਚਨ ਦੁਰਲੱਭ ਹੈ। ਚੇਲਿਆਂ ਦੀ ਗੱਦੀ ਦੀ ਮੱਲ ਮਾਰਨੀ ਜੋ ਕਿ ਅੱਜ ਹੋਂਦ ਵਿੱਚ ਹੈ ਕਿਤੇ ਵੀ ਬਚਨ ਵਿੱਚ ਇਹ ਗੱਲ ਪਾਈ ਨਹੀਂ ਜਾਂਦੀ। ਇਹ ਤਾਂ ਮਨੁੱਖ ਦੀ ਘੜੀ ਹੋਈ ਵਿਉਂਦ ਹੈ ਕਿ ਮਨੁੱਖ ਨੇ ਨਹੀਂ ਪਰ ਪਰਮੇਸ਼ੁਰ ਨੇ ਕਲੀਸੀਯਾ ਵਿੱਚ ਆਪਣੇ ਆਗੂ ਰੱਖੇ ਹੋਏ ਹਨ। ਪਤਰਸ ਤਾਂ ਰੋਮ ਵਿੱਚ ਹਾਜ਼ਰ ਵੀ ਨਹੀ ਸੀ। ਕੁਝ ਲੋਕ ਹਨ ਜਿਹੜੇ ਇਤਿਹਾਸ ਪੜਦੇ ਹਨ। ਪਰ ਆਪਣੇ ਮੋਢੇ ਮਾਰਦੇ ਹੋਏ ਝੂਠ ਨੂੰ ਮੰਨਣ ਲਈ ਵਾਪਸ ਚਲੇ ਜਾਂਦੇ ਹਨ। ਤਸੀ ਬਚਨ ਵਿੱਚ Vicar of Christ ਮਸੀਹ ਦੀ ਥਾਂ ਉਤੇ ਜਾਂ ਮਸੀਹ ਦੇ ਬਦਲੇ ਇਹ ਗੱਲ ਕਿਥੇ ਲੱਭਦੇ ਹੋ ? ਕੋਈ ਵੀ ਉਹਦੀ ਥਾ ਨਹੀ ਲੈ ਸਕਦਾ, ਤਦ ਭੀ ਇਹ ਹੋਇਆ ਹੈ ਅਤੇ ਲੋਕ ਇਹਨੂੰ ਮੰਨਦੇ ਹਨ। ਤੁਸੀ ਇਹ ਗੱਲ ਕਿੱਥੇ ਲੱਭਦੇ ਹੋ ਕਿ "ਜੋੜਿਆ ਗਿਆ ਪਰਕਾਸ਼" ਪਰਮੇ ਸ਼ੁਰ ਨੂੰ ਮਨਜ਼ੂਰ ਹੈ, ਖਾਸ ਕਰਕੇ ਉਹ ਪਰਕਾਸ਼ ਜੋ ਕਿ ਪਹਿਲਾਂ ਹੀ ਦਿੱਤੇ ਗਏ ਪਰਕਾਸ਼ ਦੇ ਵਿਰੁੱਧ ਹੈ? ਤਦ ਭੀ ਉਹ ਇਹਨੂੰ ਸਵੀਕਾਰ ਕਰਦੇ ਅਤੇ ਇਸ ਉਤੇ ਢਾਸਣਾ ਲਾਏ ਹੋਏ ਹਨ। ਤੁਸੀ ਕਿੱਥੇ ਪਾਪਾਂ ਤੋਂ ਸ਼ੁੱਧ ਕਰਨ ਵਾਲੀ ਥਾਂ ਬਚਨ ਵਿੱਚ ਵੇਖਦੇ ਹੋ ? ਤੁਸੀਂ ਕਿੱਥੇ ਮਰੇ ਹੋਏ ਲੋਕਾਂ ਦੇ ਲਈ ਪ੍ਰਾਥਨਾਵਾਂ ਬਚਨ ਵਿੱਚ ਲੱਭਦੇ ਹੋ। ਤੁਸੀਂ ਕਿੱਥੇ ਬਚਨ ਵਿੱਚ "ਪੈਸੇ ਦੇ ਕੇ ਨਰਕ ਵਿੱਚੋਂ ਬਾਹਰ ਆ ਸਕਦੇ ਹੋ ? ਇਹ ਬਚਨ ਵਿੱਚ ਨਹੀ ਹੈ, ਪਰ ਲੋਕਾਂ ਨੇ (ਮਨੁੱਖਾਂ ਨੇ) ਇਹਨਾਂ ਗੱਲਾਂ ਨੂੰ ਆਪਣੀ ਕਿਤਾਬ ਵਿੱਚ ਲਿਖ ਕੇ ਤੇ ਇਹਦੇ ਦੁਆਰਾ ਲੋਕਾਂ ਤੇ ਕਾਬੂ ਪਾ ਲਿਆ ਹੈ ਤੇ ਡਰ ਦੇ ਦੁਆਰਾ ਉਹਨਾਂ ਦੇ ਉਤੇ ਹਕੂਮਤ ਕਰਦੇ ਹਨ। ਤੁਸੀ ਕਿੱਥੇ ਇਹ ਗੱਲ ਲੱਭਦੇ ਹੋ



ਮੈਂ ਪਰਚਾਰ ਕੀਤਾ। (ਉਹਦੇ ਵਿੱਚ ਇਹ ਸਿਖਾਇਆ ਗਿਆ ਹੈ – ਵੇਖੋ।) ਠੀਕ ਐ।

ਹੁਣ ਧਿਆਨ ਦਿਉ, ਉਥੇ ਹਵਾਹ ਸੋਚ ਵਿਚਾਰ ਦੇ ਕਾਰਨ ਡਿੱਗ ਪਈ। ਸ਼ੈਤਾਨ ਨੇ ਸੋਚ ਵਿਚਾਰ ਕਰਨ ਦਾ ਯਤਨ ਕੀਤਾ – – – – – – ਉਹਨੇ ਕਿਹਾ, " ਪਰ ਪ੍ਰਭੂ ਨੇ ਆਖਿਆ ਹੈ – – – – – –"

ਉਹਨੇ ਕਿਹਾ, "ਔਹ, ਤੂੰ ਜਾਣਦੀ ਹੈ, ਪਰ ਯਕੀਨਨ ਪ੍ਰਭੂ ਇੰਜ ਨਹੀ ਕਰੇਗਾ। ਤੂੰ ਸਿਆਣੀ ਬਨਣਾ ਚਾਹੁੰਦੀ ਹੈ, ਤੂੰ ਕੁਝ ਜਾਨਣਾ ਚਾਹੁੰਦੀ ਹੈ। "ਕਿਉਂ ਭਲਾ, ਤੂੰ ਤਾਂ ਕੁਝ ਵੀ ਨਹੀਂ ਹੈ ਪਰ ਇੱਕ ਗੂੰਗਾ ਬੱਚਾ ਤੈਨੂੰ ਕੁਝ ਜਾਨਣ ਦੀ ਲੋੜ ਹੈ।" ਜੇ ਇਹ ਸ਼ੈਤਾਨ ਨਹੀ ਹੈ। ਜੇ ਇਹ ਕੁਝ ਅੱਜ ਦੇ ਜਮਾਨੇ ਦੇ – – – "ਔਹ, ਉਹ ਤਾਂ ਸੁਦਾਈਆਂ ਦਾ ਟੋਲਾ ਹੈ ; ਉਹਨਾਂ ਦੀ ਵੱਲ ਕੋਈ ਧਿਆਨ ਨਾ ਦਿਉ।"

ਹੁਣ ਮਾਨਵ ਜਾਤੀ ਦੀ ਕੁਦਰਤੀ ਪਹਿਲੀ ਲਾੜੀ, ਇਸ ਤੋਂ ਪਹਿਲਾਂ ਕਿ ਉਹਦਾ ਪਤੀ ਉਹਦੇ ਕੋਲ ਆਉਂਦਾ ਅਤੇ ਸ਼ੈਤਾਨ ਦੇ ਝੂਠ ਸੁਨਣ ਦੀ ਵਜ੍ਹਾ ਦੇ ਨਾਲ ਉਹ ਕਿਰਪਾ ਤੋਂ ਡਿੱਗ ਪਈ ਜਦ ਕਿ ਪਰਮੇਸ਼ੁਰ ਨੇ ਉਹਨੂੰ ਆਪਣੇ ਬਚਨ ਦੇ ਪਿੱਛੇ ਲੁਕਾ ਕੇ ਰੱਖਿਆ ਸੀ। ਜੇ ਉਹ ਬਚਨ ਦੇ ਪਿੱਛੇ ਟਿਕੀ ਰਹਿੰਦੀ ਤਾਂ ਉਹ ਕਦੇ ਵੀ ਨਾ ਡਿੱਗਦੀ। ਹੁਣ ਇਹ ਗੱਲ ਤਾਂ ਕੁਦਰਤੀ ਪੱਖ ਹੈ। (ਸਰੀਰਕ ਪੱਖ ਤੋਂ)। ਇਸ ਸਰੀਰਕ ਔਰਤ ਦੇ ਉਤੇ ਧਿਆਨ ਦਿਉ। ਅਤੇ ਸਰਾਪ ਕੀ ਸੀ ? ਪਰਮੇਸ਼ੁਰ ਦੇ ਬਚਨ ਦੇ ਪਿੱਛੇ ਨਿਕਲ ਕੇ ਆਉਣ ਦਾ ਅਸਲੀ ਸਰਾਪ – – – –।

ਹੁਣ ਯਾਦ ਰਹੇ ਉਹਨੇ ਇਹਦਾ 98% ਸੁਣਿਆ ਸੀ, ਪਰ ਤੁਹਾਨੂੰ ਸਿਰਫ ਇੱਕ ਜਾਣ ਦੇਣੀ ਹੈ।ਉਹਨੇ ਇਹਦਾ ਬਹੁਤ ਸਾਰਾ ਤਾਂ ਸੁਣਿਆ। ਔਹ, ਯਕੀਨਨ ! ਉਹਨੇ ਇਹ ਆਖਿਆ, ਅਤੇ ਸ਼ੈਤਾਨ ਇਹ ਮੰਨੇਗਾ ਕਿ ਇਹ ਠੀਕ ਸੀ। ਜੇ ਸ਼ੈਤਾਨ ਤੁਹਾਨੂੰ ਇੱਕ ਨੁਕਰੇ ਲੈ ਜਾਵੇ, ਬੱਸ ਏਨਾਂ ਹੀ ਉਹ ਚਾਹੁੰਦਾ ਹੈ। ਤੁਹਾਨੂੰ ਸਿਰਫ ਏਨਾਂ ਕੁ ਹੀ ਕਰਨਾ ਹੈ ਕਿ ਤੁਸੀ ਗੋਲੀ ਨੂੰ ਜਰਾ ਕੁ ਮਰੋੜਾ ਦਿਉ ਤਾਂ ਇਹ ਨਿਸ਼ਾਨੇ ਦੇ ਉਤੇ ਨਹੀ ਵੱਜੇਗੀ। ਬੱਸ ਏਨਾਂ ਹੀ ਹੈ। ਉਹਨੇ ਇਹਨੂੰ ਬਹੁਤ ਸਾਰਾ ਤਾਂ ਮੰਨਿਆ ਪਰ ਫੇਰ ਵੀ ਗੁਆ ਬੈਠੀ। ਅਤੇ ਨਤੀਜਾ ਕੀ ਹੋਇਆ ਕਿਉਂਕਿ ਉਹਨੇ ਪਰਮੇਸ਼ੁਰ ਦੇ ਬਚਨ ਨੂੰ ਸਿਰਫ ਇੱਕ ਸੋਚ ਵਿਚਾਰ ਦੇ ਲਈ ਤਿਆਗ ਦਿੱਤਾ – – – – – – ਤੁਸੀ ਆਖਦੇ ਹੋ, "ਔਰਤਾਂ ਦੇ ਬਾਰੇ ਵਿੱਚ ਕੀ ਵਿਚਾਰ ਹੈ ? ਕਿਉਂ ਤੁਸੀ ਏਦਾਂ ਦੀ ਗੱਲ ਦੇ ਬਾਰੇ ਕੁਝ ਗੱਲਬਾਤ ਕਰਨਾ ਚਾਹੁੰਦੇ ਹੋ ? ਤੁਸੀਂ ਜਾਣਦੇ ਹੋ, ਉਹ ਛੋਟੀਆਂ ਗੱਲਾਂ – – – – – – ਕੀ ਫਰਕ ਪੈਂਦਾ ਹੈ ਭਾਵੇਂ ਇਹ ਪਹਿਲਾ ਸਬੂਤ ਹੈ – – – – – – ਹਾਂ ਜੀ ਇਹਦੇ ਬਾਰੇ ਵਿੱਚ ਜਰੂਰ ਕੁਝ ਹੈ। ਇਹ ਦਾ ਸੁਧਾਰ ਕਰਨਾ ਹੀ ਪੈਣਾ ਹੈ। ਅਸਾਂ ਸੱਤ ਕਲੀਸੀਯਾਈ ਯੁੱਗਾਂ ਦੇ ਦੌਰਾਨ ਵਿਚਾਰ ਧਾਰਿਆ ਹੈ ਪਰ ਉਹ ਘੜੀ ਆ ਗਈ ਹੈ ਜਦ ਕਿ ਪਰਮੇਸ਼ੁਰ ਇਹਦੇ ਬਾਰੇ ਬੋਲਦਾ ਹੈ। ਪਰਮੇਸ਼ੁਰ ਕੇਵਲ ਇਹਦੇ ਬਾਰੇ ਬੋਲਦਾ ਹੈ। ਪਰਮੇਸ਼ੁਰ ਕੇਵਲ ਇਹਦੇ ਬਾਰੇ ਬੋਲਦਾ ਹੀ ਨਹੀ, ਪਰ ਉਹ ਤਾਂ ਇਹਨੂੰ ਵਿਖਾਉਂਦਾ ਹੈ ਏਹਨੂੰ ਸਾਬਤ ਕਰਦਾ ਹੈ ਅਤੇ ਇਹਨੂੰ ਪਰਮਾਣਤ ਕਰਦਾ ਹੈ। ਇਹ ਠੀਕ ਐ। ਜੇ ਉਹ ਇਹ ਨਹੀਂ ਕਰਦਾ, ਤਦ ਇਹ ਪਰਮੇਸ਼ੁਰ ਨਹੀਂ ਹੈ, ਬਸ ਏਨਾਂ ਹੀ ਹੈ। ਪਰਮੇਸ਼ੁਰ ਆਪਣੇ ਬਚਨ ਦੇ ਪਿੱਛੇ ਖੜਾ ਹੁੰਦਾ ਹੈ।

ਹੁਣ ਧਿਆਨ ਦਿਉ। ਸਰੀਰਕ ਔਰਤ ਨੇ ਸਰੀਰਕ ਮੋਹ ਲਿਆਂਦੀ, ਕਿਉਂਕਿ ਉਹਨੇ ਸੋਚ ਵਿਚਾਰ ਕਰਨ ਨੂੰ ਸੁਣਿਆ ਤਾਂ ਕਿ ਆਪਣੇ ਆਪ ਨੂੰ ਸਿਆਣੀ ਬਣਾਵੇ – – – – ਬਜਾਏ ਪਰਮੇਸ਼ੁਰ ਦੇ ਬਚਨ ਦੇ ਪਿੱਛੇ ਖੜੀ ਰਹੇ ਅਤੇ

ਬਹੁਤ ਛੋਟੀ ਹੈ। ਆਉ ਇੱਕ ਵੱਡਾ ਗਿਰਜਾ ਉਸਾਰੀਏ। ਮੈਂ ਤੁਹਾਨੂੰ ਉਥੇ ਇੱਕ ਗਿਰਜਾ ਪਾ ਦਿੰਦਾ ਹਾਂ ਜਿਹੜਾ ਬਹੁਤ ਮਹਿੰਗਾ ਮੁਲਾ ਹੋਵੇਗਾ ਤੇ ਉਹਦੇ ਬਨਾਉਣ ਵਿੱਚ ਅੱਧਾ ਕਰੋੜ ਰੁਪਿਆ ਲਾ ਦਿੱਤਾ। ਅਤੇ ਮੈਂ ਇਹਨੂੰ ਵਾਜੇ ਵਿੱਚ ਵੀ ਕਢਵਾ ਦਿਆਗਾ।" ਜਦ ਉਹ ਏਦਾਂ ਕਰਦੇ ਹਨ ਤਾਂ ਉਹਨਾਂ ਦੇ ਕੋਲ ਦਸਾਂ ਵਿੱਚੋਂ ਨੌ ਵਾਰੀ ਮਾਰਨ ਦੇ ਲਈ ਕੁਹਾੜਾ ਹੈ। ਤੁਸੀ ਉਹਨਾਂ ਦੀ ਕਿਸਮ ਜਾਣਦੇ ਹੋ।

ਪਹਿਲੀ ਗੱਲ ਤੁਸੀ ਜਾਣਦੇ ਹੋ, ਤਦ ਜੇ ਉਹ ਕਰਦਾ ਹੈ, ਤਦ ਉਹ ਆਪਣੀ ਮਰਜ਼ੀ ਤੇ ਆਪਣੇ ਢੰਗ ਦੇ ਨਾਲ ਕੰਮ ਕਰਵਾਏਗਾ ਜੋ ਉਹਨੂੰ ਫੱਬੇ ਹੁਣ ਤੁਸੀ ਕੁਝ ਨਹੀ ਆਖ ਸਕਦੇ ਹੋ, ਕਿਉਕਿ ਭਾਈ ਜੌਹਨ ਡੋਏ ਉਥੇ ਪਿਛਾਂਹ, ਅਤੇ ਉਹ ਤਾਂ ਇਸ ਗਿਰਜੇ ਦਾ ਪੈਸਾ ਦੇਣ ਵਾਲਾ ਵਿਅਕਤੀ ਹੈ। ਅਤੇ ਤਦ ਤੁਸੀਂ ਇੱਕ ਛੈਲ ਛਬੀਲਾ ਜਿਹਾ ਪਰਚਾਰਕ ਕਿਸੇ ਸੈਮਨਰੀ (ਪਾਦਰੀਆਂ ਦੀ ਪਾਠਸ਼ਾਲਾ) ਵਿੱਚੋਂ ਲੈ ਆਉਂਦੇ ਹੋ, ਜਿਹਨੂੰ ਪਰਮੇਸ਼ੁਰ ਦੇ ਬਾਰੇ ਵਿੱਚ ਇਲ੍ਹ ਦਾ ਨਨਾਣ ਵਈਆ ਕੋਕੋ ਤੱਕ ਦਾ ਨਹੀਂ ਪਤਾ, ਉਹ ਪਰਚਾਰਕ ਆ ਜਾਵੇਗਾ, ਅਤੇ ਉਹ ਪਰਚਾਰਕ ਤਾਂ ਉਸ ਵਿਅਕਤੀ ਦਾ ਹੀ ਪੱਖ ਪੂਰੇਗਾ, ਕਿਉਂਕਿ ਉਹ ਵਿਅਕਤੀ ਤਾਂ ਪਰਚਾਰਕ ਨੂੰ ਹਮੇਸ਼ਾ ਨਵੀਂ ਕਾਰ ਲੈ ਕੇ ਦਿੰਦਾ ਹੈ, ਤਾਂ ਕਿ ਉਹ ਏਧਰ ਉਧਰ ਸਵਾਰੀ ਕਰ ਸਕੇ, ਕਦੇ ਪਾਦਰੀ ਨੂੰ ਉਹ ਕੁਝ ਖਰੀਦ ਕੇ ਦਿੰਦਾ ਤੇ ਕਦੇ ਕੁਝ ਹੋਰ ਕਦੇ ਆਹ ਕਦੇ ਔਹ ਵਗੈਰ ਵਗੈਰਾ। ਬਿਲਕੁਲ ਠੀਕ ਏਦਾਂ ਹੀ ਇਸ ਨਿਕੁਲਾਈਆਂ ਦੀ ਸਿਖਿਆ ਦਾ ਅਰੰਭ ਹੋਇਆ । ਇਹ ਠੀਕ ਐ।

ਧਿਆਨ ਦਿਉ, ਦਾਨਸ਼ ਅਤੇ ਹੁਸ਼ਿਆਰੀ। ਉਹਨਾਂ ਆਖਿਆ, "ਹੁਣ ਏਥੇ ਵੇਖੋ। ਕੀ ਇਹ ਕੇਵਲ ਸਮਝਵਾਲੀ ਗੱਲ ਨਹੀਂ ਹੈ – – – – ਸਾਡੀ ਔਰਤਾਂ, ਉਹ ਕਿਦਾਂ ਵਾਲ ਰੱਖਦੀਆਂ ਹਨ ਏਹਦੇ ਨਾਲ ਕੀ ਫਰਕ ਪੈਂਦਾ ਹੈ ?" ਪਰ ਬਾਈਬਲ ਵਿੱਚ ਆਖਿਆ ਗਿਆ ਹੈ ਕਿ ਫਰਕ ਪੈਂਦਾ ਹੈ। ਦੂਜੀਆਂ ਸੌਅ ਗੱਲਾਂ ਦੇ ਬਜਾਏ ਸਿਰਫ ਇਸ ਇੱਕ ਗੱਲ ਨੂੰ ਲਉ।ਇਹਦੇ ਨਾਲ ਫਰਕ ਪੈਂਦਾ ਹੈ। ਪਰਮੇਸ਼ੁਰ ਨੇ ਆਖਿਆ ਹੈ ਕਿ ਫਰਕ ਪੈਂਦਾ ਹੈ, ਸੋ ਇਹ ਫਰਕ ਹੈ। ਪਰ ਤੁਸੀ ਵੇਖੋ ਜੇ ਉਹ ਇਸ ਗੱਲ ਨੂੰ ਸ਼ੁਰੂ ਹੋਣ ਦੇਣ (ਟਰਸਟੀ ਬੋਰਡ, ਡੀਕਨਜ਼ ਅਤੇ ਬਾਕੀ ਸਭ) ਪਹਿਲੀ ਗੱਲ ਤੁਸੀ ਜਾਣਦੇ ਹੋ ਕਿ ਪਾਸਟਰ ਜਾਂ ਤਾਂ ਸ਼ਾਮਲ ਹੁੰਦੇ ਤੇ ਜਾਂ ਬਾਹਰ ਨਿਕਲ ਜਾਂਦਾ ਹੈ। ਬਸ ਏ ਨਾਂ ਹੀ ਹੈ। ਵੇਖੋ, ਕਿਉਂਕਿ ਇਹ ਤਾਂ ਲੋਕ ਹਨ ਜਿਨਾਂ ਨੇ ਆਪਣਾ ਮਤਦਾਨ ਇਹਦੇ ਲਈ ਦਿੱਤਾ ਹੈ।

ਠੀਕ ਐ, ਹੁਣ ਧਿਆਨ ਦਿਉ, ਉਸ ਆਤਮਾ ਨੇ ਜੁੰਬਸ਼ ਕਰਨਾ ਸ਼ੁਰੂ ਕੀਤਾ ਅਤੇ ਕਲੀਸੀਯਾ ਜਿਹਦੇ ਵਿੱਚ ਬਹੁਤ ਸਾਰੇ ਸ਼ਾਹੀ ਲੋਕ ਸਨ, ਅਤੇ ਬਹੁਤ ਸਾਰੀਆਂ ਗੱਲਾਂ ਸਨ, ਬਹੁਤ ਸਾਰਾ ਧਨ ਮਾਲ ਤੇ ਇਹ ਸਿਖਿਆ ਥੋੜੇ ਚਿਰ ਬਾਦ ਅਰੰਭ ਹੋਈ ਉਹਨਾਂ ਨੇ ਇਸ ਸਿਖਿਆ ਨੂੰ ਸੁਣਿਆ ਅਤੇ ਇਹਦੇ ਪਿੱਛੇ ਲੱਗ ਕੇ ਇਹਨੂੰ ਮੰਨ ਲਿਆ ਸ਼ੈਤਾਨ ਦੀ ਹੁਸ਼ਿਆਰੀ ਅਤੇ ਚਲਾਕੀ।ਅਤੇ ਬਿਲਕੁਲ ਏਦਾਂ ਹੀ ਸ਼ੈਤਾਨ ਨੇ ਬਾਗੇ ਅਦਨ ਵਿੱਚ ਕੀਤਾ। ਹੁਣ ਤੁਸੀ ਇਹ ਸੁਣਦੇ ਹੋ; ਇਹ ਠੀਕ ਹੈ।

ਕੁਦਰਤੀ ਔਰਤ ਆਦਮ ਦੀ ਲਾੜੀ ਉਤੇ ਗੌਹ ਕਰੋ – ਇਸ ਤੋਂ ਪਹਿਲਾਂ ਕਿ ਉਹ ਉਹਨੂੰ (ਹਵਾਹ ਨੂੰ) ਪਤਨੀ ਵਾਂਗੂ ਜਾਣੇ ਤੇ ਹਵਾਹ ਨੇ ਸੋਚ ਵਿਚਾਰ ਦੇ ਕਾਰਨ ਪਰਮੇਸ਼ੁਰ ਦੇ ਬਚਨ ਦੇ ਵਿਰੁੱਧ ਸ਼ੈਤਾਨ ਦੀਆਂ ਵਿਉਤਾਂ ਮਨ ਲਈਆਂ। ਇਸ ਤੋਂ ਪਹਿਲਾਂ ਕਿ ਆਦਮ ਹਵਾਹ ਦੇ ਨਾਲ ਪਤੀ ਪਤਨੀ ਵਾਂਗੂ ਰਹਿ ਸਕੇ, ਸ਼ੈਤਾਨ ਨੇ ਆਦਮ ਤੇ ਸੱਟ ਮਾਰ ਦਿੱਤੀ। ਇਹ ਠੀਕ ਗੱਲ ਹੈ। ਤੁਸੀ ਲਾੜੀ ਦਾ ਬ੍ਰਿਛ ਨਾਮਕ ਸੰਦੇਸ਼ ਸੁਣਿਆ ਹੈ ਜਿਹਦੇ ਉਤੇ



ਕਿ ਮਨੁੱਖ ਦੇ ਕੋਲ ਸਾਨੂੰ ਮਾਫੀ ਦੇਣ ਦੀ ਸ਼ਕਤੀ ਹੈ ਜਿਦਾਂ ਕਿ ਉਹ ਪਰਮੇਸ਼ੁਰ ਹੈ ? "ਪਾੜ ਖਾਂਦੇ ਵਾਲੇ ਬਘਿਆੜ" ਸ਼ਬਦ ਦੀ ਬੜੀ ਮੁਸ਼ਕਲ ਦੇ ਨਾਲ ਹੀ ਉਹਨਾਂ ਦੀ ਵਿਆਖਿਆ ਕਰ ਸਕਦਾ ਹੈ। ਨਿਕੁਲਾਈਆਂ ਦਾ ਮੱਤ ਜੱਥੇਬੰਦੀ। ਮਨੁੱਖ ਦੀ ਮਨੁੱਖ ਉਤੇ ਹਕੂਮਤ ।

ਪਰਮੇਸ਼ੁਰ ਵੱਲ ਵਾਪਸ ਆ ਜਾਉ। ਤੋਬਾ ਕਰੋ ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਏ। ਕੰਧ ਉਤੇ ਲਿਖਤ ਨੂੰ ਵੇਖੋ। ਇਹ ਲਿਖਤ ਤਾਂ ਨਿਆਂ ਦੀ ਲਿਖਤ ਹੈ। ਜਿਵੇਂ ਕਿ ਪਵਿੱਤ੍ਰ ਭਾਂਡੇ ਅਸ਼ੁੱਧ ਕੀਤੇ ਗਏ ਸਨ ਅਤੇ ਇਦਾਂ ਪਰਮੇਸ਼ੁਰ ਦਾ ਕ੍ਰੋਧ ਭੜਕਾਇਆ ਗਿਆ, ਅਤੇ ਹੁਣ ਪਵਿੱਤ੍ਰ ਬਚਨ ਅਪਵਿੱਤ੍ਰ ਕੀਤਾ ਗਿਆ ਹੈ ਅਤੇ ਆਤਮਾ ਨੂੰ ਦੁੱਖੀ ਕੀਤਾ ਗਿਆ ਹੈ, ਅਤੇ ਨਿਆਂ ਏਥੇ ਮੌਜੂਦ ਹੈ ਤੇ ਬਿਲਕੁਲ ਬੂਹੇ ਦੇ ਉਤੇ ਖੜਾ ਹੈ। ਤੋਬਾ ਕਰੋ। ਤੋਬਾ ਕਰੋ। ਵਾਪਸ ਪੈਂਤੇਕੁਸਤ ਵੀ ਵੱਲ ਮੁੜੋ। ਵਾਪਸ ਪਵਿੱਤ੍ਰ ਆਤਮਾ ਦੀ ਅਗੁਵਾਈ ਦੀ ਵੱਲ ਮੁੜੋ। ਵਾਪਸ ਪਰਮੇਸ਼ੁਰ ਦੇ ਬਚਨ ਦੀ ਵੱਲ ਆ ਜਾਉ, ਤੁਸੀਂ ਕਿਉ ਮਰਨਾ ਚਾਹੁੰਦੇ ਹੋ ?

## ਨਿਕੁਲਾਈਆਂ ਦੀ ਸਿਖਿਆ
## Doctrine of Nicolaitanes

ਪਰਕਾਸ਼ ਦੀ ਪੋਥੀ ੨:੧੫, "ਇਸੇ ਤਰਾਂ ਤੇਰੇ ਕੋਲ ਉਹ ਵੀ ਹਨ ਜਿਨ੍ਹਾਂ ਨਿਕੁਲਾਈਆਂ ਦੀ ਸਿੱਖਿਆ ਉਵੇਂ ਹੀ ਧਾਰੀ ਹੈ, ਜਿਹਦੇ ਤੋਂ ਮੈਂ ਸੂਗ ਕਰਦਾ ਹਾਂ।" (" ਜਿਹਦੇ ਤੋਂ ਮੈਂ ਸੂਗ ਕਰਦਾ ਹਾਂ" ਇਸ ਹਿੱਸੇ ਨੂੰ ਲੱਭਣ ਲਈ ਕਿਰਪਾ ਕਰਕੇ K.J.V. Bible ਜੋ ਅੰਗਰੇਜ਼ੀ ਭਾਸ਼ਾ ਵਿੱਚ ਹੈ ਉਹਦਾ ਹਵਾਲਾ ਲਉ)

ਤੁਹਾਨੂੰ ਯਾਦ ਹੋਵੇਗਾ ਕਿ ਅਫਸੁਸ ਦੇ ਯੁੱਗ ਵਿੱਚ ਮੈਂ ਦੱਸਿਆ ਸੀ ਕਿ ਨਿਕੁਲਾਈਆਂ Nicolaitanes ਸ਼ਬਦ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ ਤੋਂ ਬਣਿਆ ਹੈ : (Nico) ਨੀਕਾਐ ਜਿਹਦਾ ਅਰਥ "ਜਿੱਤਣਾ" ਹੈ। ਅਤੇ (Laity) ਜਿਹਦਾ ਅਰਥ ਹੈ ਆਮ ਲੋਕ। ਨਿਕਲਾਈਆਂ ਸ਼ਬਦ ਦਾ ਅਰਥ "ਆਮ ਲੋਕਾਂ ਤੇ ਜਿੱਤ ਪਾਉਣੀ" ਹੈ। ਅਤੇ ਇਹ ਗੱਲ ਏਨੀ ਭਿਆਨਕ ਕਿਉਂ ਹੈ ? ਇਹ ਭਿਆਨਕ ਹੈ ਕਿਉ ਪਰਮੇਸ਼ੁਰ ਨੇ ਕਦੇ ਵੀ ਆਪਣੀ ਕਲੀਸੀਯਾ ਦੀ ਅਗੁਵਾਈ ਚੁਣੇ ਹੋਏ ਮਨੁੱਖੀ ਹੱਥਾਂ ਵਿੱਚ ਨਹੀ ਦਿੱਤੀ ਜਿਹੜੇ ਰਾਜਨੀਤਕ ਬੁੱਧ ਨਾਲ ਚਲਦੇ ਹਨ। ਉਹਨੇ ਆਪਣੀ ਕਲੀਸੀਯਾ ਦੀ ਅਗੁਵਾਈ ਪਰਮੇਸ਼ੁਰ ਦੇ ਥਾਪੇ ਹੋਏ, ਆਤਮਾ ਨਾਲ ਭਰੇ ਹੋਏ, ਬਚਨ ਦੇ ਨਾਲ ਜੀਉਂਦੇ ਹੋਏ ਮਨੁੱਖਾਂ ਦੀ ਦੇਖ ਭਾਲ ਵਿੱਚ ਦਿੱਤੀ ਹੈ ਜਿਹੜੇ ਉਹਨਾਂ ਦੀ ਅਗੁਵਾਈ ਬਚਨ ਦੀ ਖੁਰਾਕ ਖਵਾ ਖਵਾ ਕੇ ਕਰਦੇ ਹਨ। ਉਹਨੇ ਲੋਕਾਂ ਨੂੰ ਵੱਖ ਵੱਖ ਸ਼ਰੇਣੀਆਂ ਵਿੱਚ ਵੰਡਿਆ ਨਹੀ ਹੈ ਤਾਂ ਕਿ ਭੀੜਾਂ ਦੀ ਅਗੁਵਾਈ ਪਵਿੱਤ੍ਰ ਜਾਜਕਾਈ ਦੇ ਰਾਹੀਂ ਹੋ ਸਕੇ। ਇਹ ਸੱਚ ਹੈ ਕਿ ਆਗੂ (ਅਗੁਵਾਈ) ਪਵਿੱਤ੍ਰ ਹੋਣੀ ਚਾਹੀਦੀ ਹੈ ਸੋ ਤਦ ਸਾਰੀ ਸਭਾ ਵੀ ਪਵਿੱਤ੍ਰ ਹੋਣੀ ਚਾਹੀਦੀ ਹੈ। ਅਗਲੀ ਗੱਲ ਇਹ ਹੈ ਕਿ ਬਚਨ ਵਿੱਚ ਕੋਈ ਅਜਿਹੀ ਥਾਂ ਨਹੀ) ਹੈ ਜਿਥੇ ਜਾਜਕ, ਸੇਵਾਦਾਰ ਜਾਂ ਅਜਿਹੇ ਕੋਈ ਲੋਕ ਪਰਮੇਸ਼ੁਰ ਅਤੇ ਮਨੁੱਖਾਂ ਦੇ ਵਿਚਾਲੇ ਵਿਚੋਲਗੀ ਕਰਦੇ ਹੋਣ ਅਤੇ ਨਾ ਹੀ ਕੋਈ ਹੋਰ ਅਜਿਹੀ ਜਗ੍ਹਾ ਪਾਈ ਜਾਂਦੀ ਹੈ ਜਿਥੇ ਕਿ ਉਹ ਪ੍ਰਭੂ ਦੀ ਉਪਾਸਨਾ ਦੇ ਲਈ ਵੱਖਰੇ ਕੀਤੇ ਗਏ ਹਨ। ਪਰਮੇਸ਼ੁਰ ਚਾਹੁੰਦਾ ਹੈ ਕਿ ਸਾਰੇ ਉਹਨੂੰ ਪਿਆਰ ਕਰਨ ਅਤੇ ਉਹਦੀ ਸੇਵਾ ਇੱਕਠੇ ਮਿਲ ਕੇ ਕਰਨ। ਨਿਕੁਲਾਈਆਂ ਦੀ ਸਿਖਿਆ ਇਹਨਾਂ ਵਿਚਾਰਾਂ ਨੂੰ ਨਾਸ਼ ਕਰਦੀ ਹੈ ਅਤੇ ਇਹਦੇ ਇਲਾਵਾ ਸੇਵਾਦਾਰਾਂ ਨੂੰ ਲੋਕਾਂ ਨਾਲੋਂ ਵਖਰਿਆਂ ਕਰਦੀ ਹੈ ਅਤੇ ਬਜਾਏ ਲੋਕਾਂ ਦੇ ਦਾਸ ਹੋਣ ਦੇ ਉਹਨਾਂ ਆਗੂਆਂ ਨੂੰ ਲੋਕਾਂ ਤੇ ਹਕੂਮਤ ਕਰਨ ਵਾਲੇ

ਬਣਾਉਂਦੀ ਹੈ। ਇਹ ਸਿਖਿਆ ਅਸਲ ਵਿੱਚ ਪਹਿਲੇ ਯੁੱਗ ਦੇ ਅੰਦਰ ਕੰਮਾਂ ਦੇ ਰੂਪ ਵਿੱਚ ਅਰੰਭ ਹੋਈ। ਇੰਜ ਜਾਪਦਾ ਹੈ ਕਿ ਇਹਨਾਂ ਦੋ ਸ਼ਬਦਾਂ ਤੋਂ ਸਾਰੀ ਮੁਸੀਬਤ ਸ਼ੁਰੂ ਹੋਈ "Elders" (ਬਜ਼ੁਰਗ) ਭਾਵ ਪਰੈਸਬਾਈਟਰਜ਼ ਅਤੇ overseers ਭਾਵ ਬਿਸ਼ਪ (ਨਿਗਾਹਬਾਨ)। ਭਾਵੇਂ ਪਵਿੱਤ੍ਰ ਲਿਖਤਾਂ ਦੱਸਦੀਆਂ ਹਨ ਕਿ ਹਰੇਕ ਕਲੀਸੀਯਾ ਵਿੱਚ ਕਈ ਬਜ਼ੁਰਗ ਹੁੰਦੇ ਸਨ, ਕੁਝ ਲੋਕਾਂ ਨੇ ਜਿਹਨਾਂ ਵਿੱਚੋਂ ਇੱਕ ਇਗਨੇਸ਼ੀਅਸ (Ignatius) ਵੀ ਸੀ ਉਹਨੇ ਇਹ ਸਿਖਾਉਣਾ ਅਰੰਭ ਕੀਤਾ ਬਿਸ਼ਪ ਹੋਣ ਦੇ ਵਿਚਾਰ ਦਾ ਅਰਥ ਇਹ ਹੈ ਕਿ ਉਹਨੂੰ ਪਹਿਲਾਂ ਸਥਾਨ ਜਾਂ ਇਖਤਿਆਰ ਦਿੱਤਾ ਜਾਵੇ ਅਤੇ ਉਹ ਸਭ ਬਜ਼ੁਰਗਾਂ (elder) ਦੇ ਉੱਤੇ ਹਕੂਮਤ ਕਰੇ। ਹੁਣ ਇਸ ਗੱਲ ਦੀ ਸਚਾਈ ਇਹ ਹੈ ਕਿ ਸ਼ਬਦ ਬਜ਼ੁਰਗ Elder ਦਿਖਾਉਂਦਾ ਹੈ ਕਿ ਉਹ ਵਿਅਕਤੀ ਕੌਣ ਹੈ, ਜਦ ਕਿ ਸ਼ਬਦ 'ਬਿਸ਼ਪ (Bishop) ਉਸੇ ਹੀ ਵਿਅਕਤੀ ਦੇ ਦਫਤਰ ਦਾ ਸੰਕੇਤ ਦਿੰਦਾ ਹੈ। Elder ਬਜ਼ੁਰਗ ਸ਼ਬਦ ਦਾ ਅਰਥ ਏਹੋ ਹੀ ਸੀ ਅਤੇ ਹੁਣ ਵੀ ਹੈ ਤੇ ਇਹ ਤਾਂ ਸਿਰਫ ਵਿਅਕਤੀ ਦੀ ਪ੍ਰਭੂ ਵਿੱਚ ਕਦੋਂ ਉਹ ਆਇਆ ਉਹਦੀ ਬਜ਼ੁਰਗੀ ਨੂੰ ਬਿਆਨ ਕਰਦਾ ਹੈ। ਉਹ ਇੱਕ (Elder) ਬਜ਼ੁਰਗ ਹੈ, ਇਸ ਲਈ ਨਹੀਂ ਕਿ ਉਹਦੀ ਚੋਣ ਕੀਤੀ ਗਈ ਹੈ ਜਾਂ ਉਹਨੂੰ ਥਾਪਿਆ ਗਿਆ ਹੈ, ਵਗੈਰਾ ਵਗੈਰਾ, ਪਰ ਕਿਉਂਕਿ ਬਜ਼ੁਰਗ ਹੈ। ਉਹ ਜਿਆਦਾ ਹੰਢਿਆ ਹੋਇਆ ਹੈ, ਸਿਖਿਆ ਹੋਇਆ ਹੈ, ਨਵਾਂ ਚੇਲਾ ਨਹੀਂ ਅਤੇ ਤਜਰਬੇ ਦੀ ਵਜ੍ਹਾ ਦੇ ਨਾਲ ਉਹ ਭਰੋਸੇਮੰਦ ਹੈ ਅਤੇ ਉਹਦੇ ਮਸੀਹੀ ਤਜਰਬੇ ਦੇ ਲੰਮੇ ਅਰਸੇ ਦੇ ਸਬੂਤ ਦੀ ਵਜਾ ਨਾਲ ਉਹ ਭਰੋਸੇਮੰਦ ਹੈ। ਪਰ ਇੰਜ ਨਹੀ ਸੀ, ਬਿਸ਼ਪ ਲੋਕ ਪੌਲੂਸ ਦੀ ਪਤਰੀ ਦੇ ਨਾਲ ਟਿਕੇ ਨਹੀਂ ਰਹੇ, ਪਰ ਉਹਨਾਂ ਨੇ ਤਾਂ ਪੌਲੂਸ ਦੇ ਸਮੇਂ ਦੇ ਵਿਵਰਣ ਨੂੰ ਲਿਆ ਜਦੋਂ ਉਹਨੇ ਰਸੂਲਾਂ ਦੇ ਕਰਤੱਬ ਉਹਦੇ ੨੦ ਅਧਿਆਏ ਦੀ ੧੭ ਆਇਤ ਵਿੱਚ ਵਿਵਰਣ ਮਿਲਦਾ ਹੈ, ਕਿ ਕਲੀਸੀਯਾ ਦੇ ''ਬਜ਼ੁਰਗ'' ਸੱਦੇ ਗਏ ਸਨ ਅਤੇ ਤਦ ੧੮ ਆਇਤ ਵਿੱਚ ਉਹਨਾਂ ਹੀ ਬਜ਼ੁਰਗਾਂ ਨੂੰ ਨਿਗਾਹਬਾਨ overseers ਆਖਿਆ ਗਿਆ। ਅਤੇ ਇਹ ਨਿਗਾਹਬਾਨਾਂ (ਬਿਸ਼ਪ ਲੋਕ), (ਕੋਈ ਸ਼ੱਕ ਨਹੀ ਕਿ ਰਾਜਨੀਤਕ ਮਨ ਦੇ ਅਤੇ ਇਖਤਿਆਰ ਨੂੰ ਪਾਉਣ ਦੇ ਲਈ ਉਤਾਵਲੇ ਸਨ) ਨੇ ਜ਼ੋਰ ਦੇ ਕੇ ਆਖਿਆ ਕਿ ਪੌਲੂਸ ਨੇ ਨਿਗਾਹਬਾਨ overseers ਦਾ ਅਰਥ ਦੱਸਿਆ ਹੈ ਕਿ ਉਹ ਇੱਕ ਸਥਾਨਿਕ ਕਲੀਸੀਯਾਈ ਬਜ਼ੁਰਗ ਨਾਲੋਂ ਜਿਹਦਾ ਕੇਵਲ ਅਧਿਕਾਰ ਆਪਣੀ ਹੀ ਕਲੀਸੀਯਾ ਦੇ ਅੰਦਰ ਹੈ। ਉਹਨਾਂ ਦੇ ਲਈ ਹੁਣ ਬਿਸ਼ਪ ਦਾ ਅਰਥ ਇਹ ਸੀ ਕਿ ਜਿਹਦੇ ਕੋਲ ਕਈ ਸਥਾਨਿਕ ਕਲੀਸੀਯਾ ਦੇ ਸਥਾਨਿਕ ਆਗੂਆਂ ਦੇ ਉੱਤੇ ਅਧਿਕਾਰ ਹੈ। ਅਜਿਹਾ ਵਿਚਾਰ ਨਾ ਤਾਂ ਇਤਿਹਾਸਕ ਹੀ ਸੀ ਤੇ ਨਾ ਹੀ ਪਵਿੱਤ੍ਰ ਲਿਖਤਾਂ ਦੇ ਅਨੁਸਾਰ ਹੀ ਸੀ, ਤਦ ਭੀ ਪੋਲੀਕਾਰਪ ਦੇ ਦਰਜੇ ਦਾ ਆਦਮੀ ਵੀ ਇਸ ਤਰਾਂ ਦੀ ਜੱਥੇਬੰਦੀ ਦੀ ਵੱਲ ਝੁੱਕ ਗਿਆ। ਅਤੇ ਏਦਾਂ ਜੋ ਕਿ ਪਹਿਲੇ ਯੁੱਗ ਦੇ ਅੰਦਰ ਸਿਰਫ ਕੰਮ: ਦੀ ਸ਼ਕਲ ਵਿੱਚ ਹੀ ਅਰੰਭ ਹੋਇਆ ਉਹ ਵਾਸਤਵਿਕ ਸਿਖਿਆ ਬਣ ਗਈ ਅਤੇ ਅੱਜ ਵੀ ਇਹ ਏਦਾਂ ਹੀ ਹੈ। ਬਿਸ਼ਪ ਲੋਕ ਅੱਜ ਵੀ ਲੋਕਾਂ ਨੂੰ ਕਾਬੂ ਵਿੱਚ ਰੱਖਣ ਦਾ ਦਾਵਾ ਕਰਦੇ ਹਨ ਅਤੇ ਜਿਦਾਂ ਵੀ ਉਹ ਚਾਹੁੰਦੇ ਹਨ ਉਹਨਾਂ ਦੇ ਨਾਲ ਵਰਤਦੇ ਹਨ, ਅਤੇ ਉਹਨਾਂ ਨੂੰ ਸੇਵਾ ਵਿੱਚ ਜਿਥੇ ਉਹਨਾਂ ਦੀ ਮਰਜੀ ਹੋਵੇ ਭਾਵ ਬਿਸ਼ਪ ਲੋਕ ਆਪਣੀ ਮਰਜੀ ਨਾਲ ਉਹਨਾਂ ਨੂੰ ਮਕੂਰਰ ਕਰਦੇ ਹਨ। ਇਹ ਗੱਲ ਪਵਿੱਤ੍ਰ ਆਤਮਾ ਦੀ ਅਗੁਵਾਈ ਦਾ ਇਨਕਾਰ ਕਰਦੀ ਹੈ ਜਿਹਨੇ ਆਖਿਆ ਸੀ ਕਿ, '' ਮੇਰੇ ਲਈ ਬਰਨਬਾਸ ਅਤੇ ਸੌਲੂਸ ਨੂੰ ਉਸ ਕੰਮ ਦੇ ਲਈ ਵੱਖਰਾ ਕਰੋ ਜਿਹਦੇ ਲਈ ਮੈਂ ਉਨਾਂ ਨੂੰ ਬੁਲਾਇਆ ਹੈ'' ਸੋ ਇਹਦੇ ਤੋਂ ਵੱਖਰਾ ਭਾਵ ਪਵਿੱਤ੍ਰ ਆਤਮਾ ਦੀ ਅਗੁਵਾਈ ਤੋਂ ਵਖਰਾ ਜੋ ਵੀ ਹੈ ਉਹ ਬਚਨ ਦੇ ਉਲਟ ਅਤੇ ਮਸੀਹ ਵਿਰੋਧ ਹੈ। ਮੱਤੀ ੨੦:੨੫–੨੮,'' ਤਦ ਯਿਸੂ ਨੇ ਉਨਾਂ ਨੂੰ ਕੋਲ ਸੱਦ ਕੇ ਆਖਿਆ, ਤੁਸੀ ਜਾਣਦੇ ਹੋ ਜੋ ਪਰਾਈਆਂ ਕੌਮਾਂ ਦੇ ਸਰਦਾਰ ਉਨ੍ਹਾਂ ਉੱਤੇ ਹੁਕਮ ਚਲਾਉਂਦੇ ਹਨ ਅਤੇ ਉਹ ਜਿਹੜੇ ਵੱਡੇ ਹਨ ਉਨ੍ਹਾਂ ਉੱਤੇ ਧੌਂਸ ਜਮਾਉਂਦੇ ਹਨ। ਪਰ ਤੁਹਾਡੇ ਵਿੱਚ ਅਜਿਹਾ ਨਾ ਹੋਵੇ ਪਰ ਜੋ ਕੋਈ ਤੁਹਾਡੇ ਵਿੱਚੋਂ ਵੱਡਾ ਹੋਣਾ ਚਾਹੇ ਸੋ ਤੁਹਾਡਾ ਟਹਿਲੂਆ ਹੋਵੇ। ਅਤੇ ਜੋ ਕੋਈ ਤੁਹਾਡੇ ਵਿੱਚੋਂ ਸਰਦਾਰ



ਬਾਰੇ ਸੋਚਿਆ।

ਉਹ ਸਭ ਤੋਂ ਜਿਆਦਾ ਜਾਲਮ ਮੌਤੇ ਮਰਿਆ। ਉਹਦੇ ਕੋਲ ਸਿਰ ਧਰਨ ਦੇ ਲਈ ਵੀ ਜਗ੍ਹਾ ਨਹੀ ਸੀ ਸਭਨਾਂ ਜੱਥੇਬੰਦੀਆਂ ਨੇ ਉਹਨੂੰ ਬਾਹਰ ਕੱਢ ਦਿੱਤਾ ਸੀ। ਪਰ ਜਦ ਪਰਮੇਸ਼ੁਰ ਨੇ ਉਹਨੂੰ ਏਨਾਂ ਉਚਾ ਚੁੱਕਿਆ, ਏਥੋਂ ਤੱਕ ਕਿ ਉਹਨੂੰ ਸਵਰਗ ਵੇਖਣ ਲਈ ਹੇਠਾਂ ਵੇਖਣਾ ਪਿਆ। – – – – ? – – – –ਹਲੀਮੀ ਦੇ ਅੰਦਰ ਪਰਮੇਸ਼ੁਰ। ਅਤੇ ਪਰਮੇਸ਼ੁਰ ਨੇ ਉਹਨੂੰ ਏਡਾ ਵੱਡਾ ਨਾਮ ਦਿੱਤਾ ਕਿ ਸਵਰਗ ਦਾ ਸਾਰਾ ਪਰੀਵਾਰ (ਸੈਨਾ) ਉਹਦੇ ਨਾਮ ਤੋਂ ਸਦਾਉਂਦਾ ਹੈ ਅਤੇ ਧਰਤੀ ਦੀ ਹਰੇਕ ਪਰੀਵਾਰ ਵੀ ਉਹਦੇ ਨਾਉਂ ਤੋਂ ਸਦਾਉਂਦਾ ਹੈ। ਧਰਤੀ ਦੇ ਸਾਰੇ ਟੱਬਰਾਂ ਦਾ ਨਾਮ ''ਯਿਸੂ'' ਰੱਖਿਆ ਗਿਆ ਹੈ। ਸਵਰਗ ਵਿੱਚ ਸਭ ਟੱਬਰਾਂ ਦਾ ਨਾਮ ''ਯਿਸੂ'' ਰੱਖਿਆ ਗਿਆ। ਅਜਿਹਾ ਨਾਮ ਕਿ ਹਰੇਕ ਗੋਡਾ ਉਹਦੇ ਅੱਗੇ ਝੁਕੇਗਾ ਅਤੇ ਹਰੇਕ ਜੀਭ ਉਹਦਾ ਇਕਰਾਰ ਕਰੇਗੀ ਕਿ ਉਹੋ ਹੀ ਪ੍ਰਭੂ ਹੈ, ਏਥੇ ਨਹੀਂ ਤਾਂ ਨਰਕ ਵਿੱਚ। ਨਰਕ ਵੀ ਇਸ ਨਾਮ ਦੇ ਅੱਗੇ ਝੁਕੇਗਾ। ਹਰੇਕ ਚੀਜ਼ ਇਹਦੇ ਅੱਗੇ ਝੁਕੇ ਗੀ। ਪਰ ਪਹਿਲਾਂ ਤਾਂ ਹਲੀਮੀ ਸੀ, ਤੇ ਉਹਦੇ ਬਾਦ ਉਹ ਮਹਾਨ ਬਣਿਆ। ਪਰਮੇਸ਼ੁਰ ਨੂੰ ਉਚਿਆਂ ਕਰਨ ਦਿਉ। ਜੋ ਆਪਣੇ ਆਪ ਨੂੰ ਨੀਵਿਆਂ ਕਰੇਗਾ ਉਹਨੂੰ ਪਰਮੇਸ਼ੁਰ ਉੱਚਾ ਕਰੇਗਾ।

ਹੁਣ ਅਸੀ ਇਹਦੇ ਤੇ ਧਿਆਨ ਦਿੰਦੇ ਹਾਂ "Nico" ਨਿਕਾਉ ਆਤਮਾ ਦਾਨਸ਼ ਨੂੰ ਚਾਹੁੰਦਾ ਸੀ ਹੁਸ਼ਿਆਰ ਬਨਣਾ ਚਾਹੁੰਦਾ ਸੀ। ਅਤੇ ਉਹ ਇਹਦੇ ਬਾਰੇ ਵਿੱਚ ਆਪਣੀ ਸੋਚ ਵਿਚਾਰ ਰੱਖਣਾ ਚਾਹੁੰਦੇ ਸਨ ਜਿਦਾਂ ਕਿ ਹਵਾਹ ਨੇ ਸੋਚ ਵਿਚਾਰ ਕੀਤੀ – ਪਰਮੇਸ਼ੁਰ ਦੇ ਬਚਨ ਦੇ ਵਿਰੁੱਧ ਆਪਣੀ ਸੋਚ ਵਿਚਾਰ ਵਾਲੀ ਸਲਾਹ ਰੱਖਣੀ, ਅਤੇ ਕਲੀਸੀਯਾ ਇਸ ਸਿਖਿਆ ਦੇ ਪਿੱਛੇ ਲੱਗ ਗਈ। ਇਹ ਕੀ ਸੀ ? ਹੁਣ ਥੋੜੇ ਚਿਰ ਲਈ ਇਸ ਕਲੀਸੀਯਾ ਨੂੰ ਲਈਏ ਅਤੇ ਜਿਦਾਂ ਅਸੀ ਹਾਂ ਲੋਕਾਂ ਦੇ ਇਕ ਟੋਲੇ ਨੂੰ ਲਈਏ, ਮੰਨ ਲਉ ਕਿ ਜਿਦਾਂ ਤੁਸਾਂ ਸੱਚਾ ਪਵਿੱਤ੍ਰ ਆਤਮਾ ਨਹੀ ਪਾਇਆ ਹੈ।

ਆਉ ਇਹ ਲਈਏ ਅਤੇ, ਆਖੀਏ – – – – ਹੁਣ, ਸਾਡੇ ਸ਼ਹਿਰ ਦੇ ਸਭ ਤੋਂ ਵੱਡੇ ਆਦਮੀ (Mayor) ਮੈਂ ਉਹ ਦੇ ਵਿਰੁੱਧ ਕੁਝ ਨਹੀ ਹੈ। ਮੇਰਾ ਨਹੀਂ ਵਿਚਾਰ ਕਿ ਮੈਂ ਮਿਸਟਰ ਬੋਟੋਰਫ Mr Bottorff ਨੂੰ ਜਾਣਦਾ ਹਾਂ। ਕੀ ਉਹ ਅਜੇ ਵੀ ਮੈਉਰ ਹੈ। ਮਿਸਟਰ ਬੋਟੋਰਫ ਮੇਰਾ ਬਹੁਤ ਵਧੀਆ ਮਿੱਤਰ ਹੈ। ਪਰ ਆਖੋ ਸ਼ਹਿਰ ਦਾ ਮੈਉਰ ਅਤੇ ਸਾਰੇ ਪੁਲਸੀਏ ਅਤੇ ਸਭ ਮਾਰਸ਼ਲ (ਕਾਨੂੰਨ ਦੇ ਰਖਵਾਲੇ) ਉਹ ਸਭ ਏਥੇ ਆਉਂਦੇ ਹਨ। ਪਹਿਲੀ ਗੱਲ ਤੁਸੀ ਜਾਣਦੇ ਹੋ ਕਿ ਜੇ ਉਹਨਾਂ ਦੇ ਮਨ ਵਿੱਚ ਕੋਈ ਛੋਟੀ ਜਿਹੀ ਵੀ ਗੱਲ ਹੈ ਅਤੇ ਉਹ ਬੋਰਡ ਦੇ ਨਾਲ ਅਤੇ ਲੋਕਾਂ ਦੇ ਨਾਲ ਜੋ ਏਥੇ ਆਲੇ ਦੁਆਲੇ ਹਨ ਗੱਲ ਕਰਨੀ ਸ਼ੁਰੂ ਕਰਦੇ ਹਨ ਅਤੇ ਆਖਣ, ''ਹੁਣ ਤੁਸੀ ਜਾਣਦੇ ਹੋ ਕੀ ਹੋਇਆ ਹੈ ? ਇਹ ਤਾਂ ਵੱਖਰਾ ਹੋਣਾ ਚਾਹੀਦਾ ਹੈ।'' ਜੇ ਤੁਸੀ ਆਤਮਾ ਦੇ ਨਾਲ ਭਰੇ ਹੋਏ ਨਹੀਂ ਹੋ ਤੇ ਨਾ ਹੀ ਪੁਲਪੱਟ ਦੇ ਪਿੱਛੇ ਤੁਹਾਡੇ ਕੋਲ ਇੱਕ ਸੱਚਾ ਆਤਮਾ ਦੇ ਨਾਲ ਭਰਿਆ ਹੋਇਆ ਸੇਵਾਦਾਰ ਹੀ ਹੈ, ਪਹਿਲੀ ਗੱਲ ਤੁਸੀ ਜਾਣਦੇ ਹੋ ਕਿ ਤੁਸੀ ਉਹਨਾਂ ਦਾ ਪੱਖ ਪੂਰ ਰਹੇ ਹੋਵੋਗੇ। ਹੋ ਸਕਦਾ ਹੈ ਕਿ ਇਹ ਪੀਹੜੀ ਨਹੀ, ਹੋ ਸਕਦਾ ਹੈ ਅਗਲੀ ਪੀਹੜੀ।

ਅਤੇ ਇਸ ਢੰਗ ਦੇ ਨਾਲ ਇਹ ਅਰੰਭ ਹੋਈ। ਕਿਉਂ ? ਉਹ ਆਖਣਗੇ, '' ਏਥੇ ਵੇਖੋ, ਇਹ ਤਾਂ ਠੀਕ ਠਾਕ ਹੀ ਹੈ।'' ਅਤੇ ਤੁਸੀ ਸੁਣੋਗੇ। ਆਖੋ ਕਿ ਇੱਕ ਵਿਅਕਤੀ ਏਥੇ ਆਣ ਕੇ ਆਖ ਸਕੇ, ''ਇਹ ਕਲੀਸੀਯਾ ਤਾਂ

ਵਿੱਚ ਜਿਹੜਾ ਮੇਰੇ ਦਿਲ ਦੇ ਉੱਤੇ ਪਰਚਾਰ ਕਰਨ ਦੇ ਲਈ ਹੈ, ਗੁਡ ਫਰਾਈਡੇ (ਸਲੀਬੀ ਮੌਤ ਦੇ ਸ਼ੁਕਰਵਾਰ) ਦੀ ਦੁਪਹਿਰ ਨੂੰ ਤਿੰਨ ਜਾਂ ਚਾਰ ਗੱਲਾਂ ਹਨ ਵੇਖਿਆ ਜੇ ?'' ਉੱਥੇ ਉਹਨਾਂ ਨੇ ਉਹਨੂੰ ਸਲੀਬ ਦਿੱਤਾ।'' ਉੱਥੇ , ਅੱਤ ਪਵਿੱਤ੍ਰ – – – – ਧਾਰਮਿਕ ਜਗ੍ਹਾ ਜਹਿੜੀ ਸੰਸਾਰ ਵਿੱਚ ਸੀ ਉਹ ਯਰੂਸ਼ਲਮ ਸੀ। ਉਹ, ਅੱਤ ਪਵਿੱਤ੍ਰ ਲੋਕ ਜੋ ਉਹ ਸਾਰੇ ਸੰਸਾਰ ਵਿੱਚ ਹੋਣੇ ਚਾਹੀਦੇ ਸਨ ਯਹੂਦੀ ਲੋਕ। ਉੱਥੇ ਉਨ੍ਹਾਂ ਨੇ ਸਲੀਬ ਦਿੱਤਾ।'' ਸਭ ਤੋਂ ਜ਼ਾਲਮ ਸਜਾ ਜੋ ਕਿ ਰੋਮ ਦੇ ਸਕਦਾ ਸੀ। ਉਹਨੂੰ ਸਲੀਬ ਚਾੜਿਆ। ਕੀ ? ਸਭ ਤੋਂ ਮਹਾਨ ਵਿਅਕਤੀ ਜੋ ਕਦੇ ਹੋਇਆ। ਉੱਥੇ – – – – ਉਹਨਾਂ ਨੇ – – – – – – –ਉਹਨੂੰ ਸਲੀਬ ਦਿੱਤੀ। ਔਹ, ਮੇਰਿਆ।

ਪਰਮੇਸ਼ੁਰ ਉਹਨਾਂ ਬਿਜੀਨੈਸਮੈਨਜ਼ (ਬੁਪਾਰੀਆਂ) ਦੇ ਟੋਲੇ ਵਿੱਚ ਮੈਨੂੰ ਜਾਣ ਦਵੇ ਤਾਂ ਕਿ ਉਹ ਵੇਖ ਸਕਣ ਕਿ ਉਹ ਕਿਥੇ ਖੜੇ ਹਨ। ਵੱਖਰਾ ਹੋਣਾ ਨਹੀਂ, ਤੇ ਨਾ ਹੀ ਘਮੰਡੀ ਹੀ ਬਨਣਾ, ਚਾਹੁੰਦਾ ਹਾਂ, ਪਰ ਸਿਰਫ ਉਹਨਾਂ ਨੂੰ ਹਲੂਣਾ ਤਾਂ ਮਾਰ ਸਕਾਂ ਤਾਂ ਕਿ ਉਹ ਭਾਈ ਲੋਕ ਵੇਖ ਸਕਣ ਕਿ ਉਹਨਾਂ ਦੇ ਸ਼ਾਹੀ ਲੋਕ ਹੋਲੀ ਫਾਦਰਜ਼ (ਪਵਿੱਤ੍ਰ ਪਾਦਰੀ) ਅਤੇ ਹੋਰ ਗੱਲਾਂ ਜਿਹੜੀਆਂ ਕਿ ਉਹ ਬਿਜੀਨੈਸਮੈਨਜ਼ ਦੇ ਰਸਾਲੇ ਵਿੱਚ ਲਿਖਦੇ ਹਨ ਉਹ ਸਭ ਬਕਵਾਸ ਹੈ। ਮਸੀਹੀ ਲੋਕਾਂ ਨੂੰ ਕਿਸੇ ਨੂੰ ਵੀ (ਫਾਦਰ) ''ਪਿਤਾ'' ਨਹੀਂ ਆਖਣਾ ਚਾਹੀਦਾ । ਉਹਨਾਂ ਨੇ ਅਰੰਭ ਕੀਤਾ ਹੈ – – – – – ਅਤੇ ਮੈਂ ਸਭਨੀਂ ਗੱਲੀਂ ਉਹਨਾਂ ਦੀ ਸਹਾਇਤਾ ਕੀਤੀ ਹੈ ਜੋ ਵੀ ਮੈਂ ਕਰ ਸਕਦਾ ਸਾਂ, ਸੋ (ਤੁਸੀ ਵੇਖੋ ਕਿ ਇਹ ਟੇਪ ਕਿਥੇ ਜਾਂਦੀ ਹੈ) ਮੈਂ ਆਪਣਾ ਕੰਮ ਮੁਕਾ ਲਿਆ ਹੈ। ਯਕੀਨਨ ਮੇਰਾ ਹੋਰ ਕੁਝ ਏਹਦੇ ਨਾਲ ਕਰਨ ਦਾ ਕੋਈ ਵਾਹ ਵਾਸਤਾ ਨਹੀ ਹੈ। ਠੀਕ ਐ।

ਪਹਿਲੀ ਗੱਲ, ਯਾਦ ਰਹੇ ਮਸੀਹ। ਪਹਿਲਾਂ ਇੱਕ ਨਿਕੁਲਾਈ। ਅਤੇ ਨਿਕੁਲਾਈ ਯੁੱਗ ਨੇ ਪੁੱਛਿਆ ? ਇਹਨਾਂ ਨੇ ਉਹਨਾਂ ਲੋਕਾਂ ਤੋਂ ਦੂਰ ਜਾਣ ਦੇ ਲਈ ਪੁੱਛਿਆ ਜਿਹੜੇ ਲਲਕਾਰਦੇ, ਆਪਣੇ ਹੱਥਾਂ ਨਾਲ ਤਾਲੀਆਂ ਵਜਾਉਂਦੇ ਤੇ ਬੜੇ ਭੱਦੇ ਜਿਹੇ ਜਾਪਦੇ ਸਨ – – – ਜਿਦਾਂ ਕਿ ਉਹਨਾਂ ਪੰਤੇਕੁਸਤ ਦੇ ਦਿਨ ਕੀਤਾ – – – – ਸ਼ਰਾਬੀਆਂ ਵਾਂਗ ਵਤੀਰਾ ਕੀਤਾ, ਆਤਮਾ ਦੇ ਵਿੱਚ ਲੜਖੜਾ ਰਹੇ ਸਨ ਅਤੇ ਹੋਰ ਸਭ ਗੱਲਾਂ ਪਏ ਕਰਦੇ ਸਨ। ਇਹ ਨਿਕੁਲਾਈ ਲੋਕ ਏਦਾਂ ਦਾ ਕੁਝ ਨਹੀ ਸਨ ਚਾਹੁੰਦੇ। ਉਹਨਾਂ ਆਖਿਆ ਕਿ ਉਹ ਸ਼ਰਾਬੀ ਸਨ।

ਅਤੇ ਜਦ ਸ਼ਾਹੀ ਲੋਕ – – – – (ਸੁਣੋ, ਇਹਨੂੰ ਗਵਾ ਨਾ ਲੈਣਾ ! ਇਹ ਤੁਹਾਨੂੰ ਸੁਦਾਈ ਪੁਣਾ ਤਾਂ ਜਾਪ ਸਕਦਾ ਹੈ, ਪਰ ਇਹ ਸੱਚ ਹੈ।) ਜਦੋਂ ਪਤਵੰਤੇ ਲੋਕ ਅੰਦਰ ਆਉਣੇ ਸ਼ੁਰੂ ਹੋਏ, ਉਹ ਤਾਂ ਏਹਨਾਂ ਗੱਲਾਂ ਦੇ ਲਈ ਝੁੱਕ ਨਾ ਸਕੇ।

ਪਰਮੇਸ਼ੁਰ ਨੂੰ ਕਿਹੜੀ ਗੱਲ ਵੱਡਾ ਬਣਾਉਂਦੀ ਹੈ ਕਿਉਂਕਿ ਉਹ ਝੁੱਕ ਜਾਣ ਵਿੱਚ ਬਹੁਤ ਹੀ ਵੱਡਾ ਹੈ। ਏਹੋ ਹੀ ਗੱਲ ਉਹਨੂੰ ਵੱਡਿਆਂ ਬਣਾਉਂਦੀ ਹੈ। ਕੁਝ ਵੀ ਵੱਡਾ ਨਹੀਂ ਹੈ, ਅਤੇ ਉਹ ਸਭ ਤੋਂ ਨੀਵਾਂ ਹੋ ਗਿਆ ਜਿਨਾਂ ਕਿ ਕੋਈ ਹੋ ਸਕਦਾ ਹੈ ਜਾਂ ਕਦੇ ਕੋਈ ਮਨੁੱਖ ਏਨਾਂ ਨੀਵਾਂ ਹੋਇਆ ਹੋਵੇ।
ਉਹ ਸਵਰਗ ਦਾ ਰਾਜਾ ਸੀ, ਅਤੇ ਉਹ ਧਰਤੀ ਦੇ ਸਭ ਤੋਂ ਨੀਚ ਸ਼ਹਿਰ ਯਰੀਹੋ ਵਿੱਚ ਆਇਆ। ਉਹ ਏਨਾਂ ਨੀਵਾਂ ਹੋ ਗਿਆ ਕਿ ਸ਼ਹਿਰ ਦੇ ਸਭ ਤੋਂ ਛੋਟੇ ਆਦਮੀ ਨੂੰ ਵੀ ਉਹਦੀ ਵੱਲ ਵੇਖਣ ਲਈ ਹੇਠਾਂ ਵੇਖਣਾ ਪਿਆ। ਕੀ ਇਹ ਠੀਕ ਐ ? ਜੱਕੀ। ਇਹ ਠੀਕ ਐ। ਯਿਸੂ ਨੂੰ ਬਹੁਤ ਹੀ ਬੁਰਾ ਆਦਮੀ ਆਖਿਆ ਗਿਆ ਜੋ ਕਿ ਕਦੇ ਕਿਸੇ ਨੂੰ ਆਖਿਆ ਜਾ ਸਕਦਾ ਹੈ ਟੂਣਾ ਕਰਨ ਵਾਲਾ, ਸ਼ੈਤਾਨ, ਬੁਆਲ ਜਬੂਲ। ਏਹੋ ਕੁਝ ਹੀ ਜਹਾਨ ਨੇ ਉਹਦੇ



ਬਨਣਾ ਚਾਹੇ ਸੋ ਤੁਹਾਡਾ ਕਾਮਾ ਹੋਵੇ। ਜਿਵੇਂ ਮਨੁੱਖ ਦਾ ਪੁੱਤਰ ਆਪਣੀ ਟਹਿਲ ਕਰਾਉਣ ਲਈ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਨਾਂ ਨਿਸਤਾਰੇ ਦਾ ਮੁੱਖ ਭਰਨ ਨੂੰ ਆਪਣੀ ਜਾਨ ਦੇਣ ਆਇਆ।'' ਮੱਤੀ ੨੩:੭–੯, ''ਪਰ ਤੁਸੀ ਸੁਆਮੀ ਨਾ ਕਹਾਉ ਕਿਉਂਕਿ ਜੋ ਤੁਹਾਡਾ ਗੁਰੂ ਇੱਕੋ ਹੈ ਅਰ ਤੁਸੀ ਸੱਭੋ ਭਾਈ ਹੋ। ਧਰਤੀ ਉੱਤੇ ਕਿਸੇ ਨੂੰ ਆਪਣਾ ਪਿਤਾ ਨਾ ਆਖੋ ਕਿਉ ਜੋ ਤੁਹਾਡਾ ਪਿਤਾ ਇੱਕੋ ਹੈ ਜਿਹੜਾ ਅਕਾਸ਼ ਉੱਤੇ ਹੈ।'

ਅਤੇ ਇਹਨੂੰ ਹੋਰ ਵਧੇਰੇ ਸਫਾਈ ਦੇ ਨਾਲ ਜਾਨਣ ਦੇ ਲਈ ਮੈਂ ਨਿਕੁਲਾਈਆਂ ਦੀ ਸਿਖਿਆ ਇਸ ਢੰਗ ਨਾਲ ਜਾਂ ਇਹਦੀ ਵਿਆਖਿਆ ਤੁਸੀ ਮੈਨੂੰ ਇਸ ਤਰੀਕੇ ਨਾਲ ਕਰਨ ਦਿਉ। ਤੁਹਾਨੂੰ ਯਾਦ ਹੋਵੇਗਾ ਕਿ ਪਰਕਾਸ਼ ਦੀ ਪੋਥੀ ੧੩:੩ ਵਿੱਚ ਇੰਜ ਆਖਿਆ ਗਿਆ ਹੈ, '' ਮੈਂ ਉਹ ਦਿਆਂ ਸਿਰਾਂ ਵਿੱਚੋਂ ਇੱਕ ਨੂੰ ਜਿਵੇਂ ਮੌਤ ਦਾ ਘਾਉ ਲੱਗਾ ਹੋਇਆ ਸਿਰ ਮੂਰਤੀ ਪੂਜਕ ਰੋਮੀ ਪਾਤਸ਼ਾਹੀ ਸੀ, ਤੇ ਉਹ ਵੱਡੀ ਤੇ ਮਹਾਨ ਰਾਜਨੀਤਕ ਸ਼ਕਤੀ ਸੀ। ਅਤੇ ਇਹ ਸਿਰ ''ਰੋਮਨ ਕੈਥੋਲਿਕ ਰੂਹਾਨੀ ਪਾਤਸ਼ਾਹੀ'' ਦੇ ਰੂਹਾ ਵਿੱਚ ਫੇਰ ਉਠ ਖਲੋਤਾ। ਹੁਣ ਇਹਦੇ ਉੱਤੇ ਧਿਆਨ ਪੂਰਵਕ ਗੌਹ ਕਰੋ। ਅਤੇ ਰਾਜਨੀਤਕ ਮੂਰਤੀ ਪੂਜਕ ਰੋਮ ਜੋ ਵੀ ਕੀਤਾ ਉਹੋ ਹੀ ਉਹਦੀ ਸਫਲਤਾ ਦਾ ਅਧਾਰ ਸੀ ? ਉਹਨੇ, '' ਵੰਡ ਕੇ ਜਿੱਤ ਪਾਈ।'' ਅਤੇ ਇਹ ਰੋਮ ਦਾ ਹੀ ਬੀਜ ਸੀ – ਕਿ ਵੰਡੋ ਤੇ ਜਿੱਤ ਪਾਉ। ਉਹਦੇ ਲੋਹੇ ਦੇ ਦੰਦ ਨੇ ਚੀਰਿਆ ਅਤੇ ਪਾੜ ਖਾਧਾ। ਜਿਹਨੂੰ ਉਹਨੇ ਚੀਰਿਆ ਅਤੇ ਪਾੜ ਖਾਧਾ ਉਹ ਫੇਰ ਦੁਬਾਰਾ ਨਾ ਉਠ ਸਕੇ ਜਿਦਾਂ ਕਿ ਉਹਨੇ ਕਾਰਥੇਜ ਨੂੰ ਨਾਸ ਕਰਕੇ ਤੇ ਲੂਣ ਵਿੱਚ ਦੱਬ ਦਿੱਤਾ। ਉਹੋ ਹੀ ਲੋਹੇ ਦਾ ਦੰਦ ਉਹਦੇ ਵਿੱਚ ਲੱਗਿਆ ਹੋਇਆ ਸੀ ਜਦ ਉਹ ਝੂਠੀ ਕਲੀਸੀਯਾ ਵਾਗ ਉਠ ਖੜੀ ਹੋਈ ਅਤੇ ਉਹਦੀ ਨੀਤੀ ਵੀ ਉਹੋ ਹੀ ਹੈ ਬਦਲੀ ਨਹੀ) ਅਤੇ ਉਹ ਹੈ ਵੰਡੋ ਤੇ ਜਿੱਤ ਪਾਉ। ਇਹ ਹੀ ਨਿਕੁਲਾਈਆਂ ਦੀ ਸਿਖਿਆ ਹੈ ਅਤੇ ਪਰਮੇਸ਼ੁਰ ਇਹਨੂੰ ਸੂਗ ਕਰਦਾ ਹੈ।

ਅਤੇ ਇਹ ਚੰਗੀ ਤਰਾਂ ਜਾਣੀ ਪਛਾਣੀ ਇਤਿਹਾਸਕ ਸੱਚਾਈ ਹੈ ਕਿ ਜਦ ਇਹ ਗਲਤੀ ਕਲੀਸੀਯਾ ਦੇ ਅੰਦਰ ਆਣ ਵੜੀ, ਤਾਂ ਮਨੁੱਖਾਂ ਦੇ ਅੰਦਰ ਬਿਸ਼ਪ ਦੇ ਆਹੁਦੇ ਨੂੰ ਪਾਉਣ ਦੀ ਲਾਲਸਾ ਵੱਧਣ ਲਗੀ ਅਤੇ ਨਤੀਜਾ ਇਹ ਹੋਇਆ ਕਿ ਇਹ ਆਹੁਦਾ ਵਧੇਰੇ ਪੜੇ ਲਿਖਿਆਂ ਅਤੇ ਪਦਾਰਥਕ ਤਰੱਕੀ ਜਾਫਤਾ ਅਤੇ ਰਾਜਨੀਤਕ ਮਨ ਅਤੇ ਬੁੱਧ ਵਾਲੇ ਮਨੁੱਖਾਂ ਨੂੰ ਦਿੱਤਾ ਜਾਣ ਲੱਗਾ। ਮਨੁੱਖੀ ਗਿਆਨ ਅਤੇ ਕਾਰ ਵਿਹਾਰ ਨੇ ਰੱਬੀ ਹਿਕਮਤ ਦੀ ਥਾਂ ਲੈਣੀ ਸ਼ੁਰੂ ਕਰ ਦਿੱਤੀ ਅਤੇ ਪਵਿੱਤ੍ਰ ਆਤਮਾ ਦੀ ਹਕੂਮਤ ਨਾ ਰਹੀ। ਅਤੇ ਇਹ ਸੱਚਮੁੱਚ ਇੱਕ ਸਦਮੇ ਵਾਲੀ ਬੁਰਾਈ ਸੀ, ਅਤੇ ਬਿਸ਼ਪ ਲੋਕ ਇਹ ਮੰਨਣ ਲੱਗ ਪਏ ਸਨ ਕਿ ਗਿਰਜੇ ਨਾ ਤਾਂ ਪਰਚਾਰ ਕਰਨ ਦੇ ਲਈ ਅਤੇ ਨਾ ਹੀ ਹੋਰ ਮਸੀਹੀ ਰਸਮਾਂ ਨੂੰ ਕਰਨ ਲਈ ਇੱਕ ਸਾਫ ਸੁਥਰੇ ਮਸੀਹੀ ਚਰਿਤਰ ਦੀ ਲੋੜ ਹੈ ਕਿਉਂਕਿ ਇਹਨਾਂ ਦੇ ਵਿਚਲੇ ਪਦਾਰਥ ਤੇ ਰਸਮ ਦੀ ਵੱਧ ਬੁੱਕਤ ਹੈ। ਇਸ ਗੱਲ ਨੇ ਬੁਰੇ ਮਨੁੱਖਾਂ ਜਾਂ ਭਰਮਾਉਣ ਵਾਲਿਆਂ ਨੂੰ ਮੌਕਾ ਦਿੱਤਾ ਕਿ ਉਹ ਪਰਮੇਸ਼ੁਰ ਦੀ ਕਲੀਸੀਯਾ ਦੇ ਝੁੰਡ ਨੂੰ ਪਾੜ ਸੁੱਟਣ। ਮਨੁੱਖੀ ਗਿਆਨ ਨਾਲ ਘੜੀ ਹੋਈ ਇਸ ਸਿਖਿਆ ਨੇ ਬਿਸ਼ਪ ਲੋਕਾਂ ਨੂੰ ਇੱਕ ਅਜਿਹੀ ਉਚੀ ਥਾਂ ਦੇ ਦਿੱਤੀ ਜੋ ਕਿ ਉਹਨਾਂ ਨੂੰ ਪਵਿੱਤ੍ਰ ਲਿਖਤਾਂ ਵਿੱਚ ਨਹੀ ਦਿੱਤੀ ਗਈ, ਅਗਲਾ ਕਦਮ ਜੋ ਪੁਟਿਆ ਗਿਆ। ਉਹ ਸੀ ਵੱਖ ਵੱਖ ਦਰਜਿਆਂ ਦੇ ਖਿਤਾਬ ਦੇਣੇ ਜਿਹਦੇ ਨਾਲ ਧਾਰਮਿਕ ਰਾਜ ਬਣਿਆ, ਜਲਦੀ ਹੀ ਬਿਸ਼ਪ ਲੋਕਾਂ ਦੇ ਉੱਤੇ ਪਰਧਾਨ ਬਿਸ਼ਪ ਨਿਯੁਕਤ ਹੋ ਗਏ ਅਤੇ ਪਰਧਾਨ ਬਿਸ਼ਪਾਂ ਦੇ _ਤੇ ਮੁੱਖ ਪਾਦਰੀ (ਕਾਰਡੀਨਲ) ਨਿਯੁਕਤ ਹੋਏ ਅਤੇ ਬੋਨਾਫਾਇਸ ਤੀਜੇ ਦੇ ਸਮੇਂ ਸਭਨਾਂ ਦੇ ਉੱਤੇ ਪੋਪ ਜੋ ਕਿ ਪੋਨਟਿਫ ਸੀ ਉਹ ਨਿਯੁਕਤ ਹੋਇਆ। ਜਿਹਨੂੰ ਸਭ ਤੋਂ ਉੱਤਮ ਧਾਰਮਿਕ ਆਦਮੀ ਆਖਿਆ ਗਿਆ।

ਮਸੀਹਤ ਦੇ ਵਿੱਚ ਬਾਬੁਲ ਦੇ ਧਰਮ ਮਿਸ਼ਰਤ ਅਤੇ ਨਿਕੁਲਾਈਆਂ ਦੀ ਸਿਖਿਆ ਦੇ ਆਉਣ ਨਾਲ ਸਿੱਟਾ ਇਹ ਨਿਕਲਿਆ ਜੋ ਹਿਜਕੀਏਲ ਉਹਦੇ ੮ ਅਧਿਆਏ ਦੀ ੧੦ ਆਇਤ ਵਿੱਚ ਲਿਖਿਆ ਹੋਇਆ ਹੈ," ਤਦੋਂ ਮੈਂ ਅੰਦਰ ਜਾ ਕੇ ਤੱਕਿਆ ਤਾਂ ਵੇਖੋ, ਹਰ ਕਿਸਮ ਦੇ ਸਾਰੇ ਘਿੱਸਰਨ ਵਾਲੇ ਅਤੇ ਪਲੀਤ ਪਸ਼ੂਆਂ ਦੀਆਂ ਸਾਰੀਆਂ ਮੂਰਤਾਂ ਅਤੇ ਇਸਰਾਏਲ ਦੇ ਘਰਾਣੇ ਦੇ ਬੁੱਤ ਆਲੇ ਦੁਆਲੇ ਕੰਧ ਉਤੇ ਬਣੇ ਹੋਏ।" ਪਰਕਾਸ਼ੀ ਦੀ ਪੋਥੀ ੧੮:੨, " ਅਤੇ ਉਹਨੇ ਡਾਢੀ ਉਚੀ ਹਾਕ ਮਾਰ ਕੇ ਆਖਿਆ :–

> ਢਹਿ ਪਈ ਬਾਬੁਲ, ਵੱਡੀ ਨਗਰੀ ਢਹਿ ਪਈ !
> ਉਹ ਭੂਤਾ ਦਾ ਟਿਕਾਣਾ ਹੋ ਗਿਆ,
> ਨਾਲੇ ਹਰ ਭ੍ਰਿਸ਼ਟ ਆਤਮਾ ਦਾ ਅੱਡਾ,
> ਹਰ ਭ੍ਰਿਸ਼ਟ ਅਰ ਘਿਣਾਉਣੇ ਪੰਛੀ ਦਾ ਅੱਡਾ।
> ਕਿਉਂ ਜੋ ਉਹ ਦੀ ਹਰਾਮਕਾਰੀ ਦੇ ਕ੍ਰੋਧ ਦੀ।
> ਮੈਂ ਤੋਂ ਸਾਰੀਆਂ ਕੌਮਾਂ ਨੇ ਪੀਤਾ।

ਹੁਣ ਇਹ ਨਿਕੁਲਾਈਆ ਦੀ ਸਿਖਿਆ, ਇਹ ਅਸੂਲ ਜਿਹੜਾ ਕਲੀਸੀਯਾ ਵਿੱਚ ਆਗੂ ਕੀਤਾ ਗਿਆ ਬਹੁਤ ਸਾਰੇ ਲੋਕਾਂ ਨੂੰ ਇਹ ਚੰਗੀ ਤਰਾਂ ਨਹੀਂ ਫੱਬਿਆ ਕਿਉਂਕਿ ਉਹ ਲੋਕ ਕਿਸੇ ਭਗਤ ਜਨ ਦੇ ਦੁਆਰਾ ਲਿਖੀ ਹੋਈ ਪੱਤਰੀ ਜਾਂ ਪਰਸਤਾਵ ਜੋ ਕਿ ਬਚਨ ਦੇ ਬਾਰੇ ਲਿਖਿਆ ਗਿਆ ਸੀ ਉਹ ਪੜ ਸਕਦੇ ਸਨ।

ਸੋ ਕਲੀਸੀਯਾ ਨੇ ਕੀ ਕੀਤਾ ? ਇਹਨੇ ਰਾਸਤਬਾਜ ਸਿਖਾਉਣ ਵਾਲਿਆਂ ਨੂੰ ਛੇਕ ਦਿੱਤਾ ਅਤੇ ਉਸ ਸੱਚੇ ਬਚਨ ਦੇ ਲੇਖਾਂ ਨੂੰ ਸਾੜ ਦਿੱਤਾ। ਉਹਨਾਂ ਆਖਿਆ, "ਸੱਚੇ ਬਚਨ ਨੂੰ ਪੜ੍ਹਨ ਤੇ ਸਮਝਣ ਦੇ ਲਈ ਇੱਕ ਖਾਸ ਕਿਸਮ ਦੀ ਪੜਾਈ ਦੀ ਲੋੜ ਹੈ। ਕਿਉਂ ਭਲਾ ਪਤਰਸ ਨੇ ਵੀ ਆਖਿਆ ਹੈ ਕਿ ਬਹੁਤ ਸਾਰੀਆਂ ਗੱਲਾਂ ਜਿਹੜੀਆਂ ਪੌਲੂਸ ਨੇ ਲਿਖੀਆਂ ਉਨ੍ਹਾਂ ਨੂੰ ਸਮਝਣਾ ਔਖਾ ਹੈ।" ਸੋ ਜਦ ਲੋਕਾਂ ਦੇ ਕੋਲੋਂ ਬਚਨ ਨੂੰ ਦੂਰ ਕਰ ਦਿੱਤਾ ਗਿਆ ਤਾਂ ਜਲਦੀ ਹੀ ਬਸ ਏਨਾਂ ਹੀ ਰਹਿ ਗਿਆ ਕਿ ਜੋ ਉਹਨਾਂ ਦਾ ਪਰੋਹਿਤ (ਪਾਦਰੀ) ਆਖੇ ਉਹੋ ਹੀ ਸੁਨਣ ਅਤੇ ਉਹੋ ਹੀ ਕਰਨ ਜੋ ਉਹਨੇ ਉਹਨਾਂ ਨੂੰ ਦੱਸਿਆ ਸੀ। ਇਸ ਤਰੀਕੇ ਨੂੰ ਜਾਂ ਉਹਦੀਆਂ ਗੱਲਾਂ ਨੂੰ ਉਹਨਾਂ ਲੋਕਾਂ ਨੇ ਆਮ ਪਰਜਾ ਦੇ ਮਨਾਂ ਤੇ ਜੀਵਨਾਂ ਉਤੇ ਕਾਬੂ ਪਾ ਕੇ ਇਸ ਧੱਕੇਸ਼ਾਹੀ ਵਾਲੇ ਪਾਦਰੀ ਪੁਣੇ ਦਾ ਗੁਲਾਮ ਬਣਾ ਦਿੱਤਾ।

ਹੁਣ ਜੇ ਤੁਸੀ ਇਹਦਾ ਸਬੂਤ ਚਾਹੁੰਦੇ ਹੋ ਕਿ ਕੈਥੋਲਿਕ ਗਿਰਜਾ ਮਨੁੱਖਾਂ ਦੇ ਮਨਾਂ ਤੇ ਜੀਵਨ ਉਤੇ ਕਾਬੂ ਪਾਉਣ ਦੀ ਮੰਗ ਕਰਦਾ ਹੈ, ਤਾਂ ਫਿਰ ਜਰਾ ਉਹਨਾਂ ਫਰਮਾਨਾਂ ਨੂੰ ਸੁਣੋ ਜਿਹੜੇ ਥਿਉਡੋਸੀਅਸ ਦਸਵੇਂ ਨੇ ਕੱਢੇ। ਉਹਦਾ ਸਿਰਲੇਖ ਹੈ (Thedosias First Edict) ਥਿਉਡੋਸੀਅਸ ਦਾ ਪਹਿਲਾ ਹੁਕਮਨਾਮਾ

ਅਤੇ ਇਹ ਹੁਕਮਨਾਮਾ ਜਦੋਂ ਉਹਨੂੰ ਰੋਮ ਦੀ ਪਹਿਲੀ ਕਲੀਸੀਯਾ ਨੇ ਬਪਤਿਸਮਾ ਦਿੱਤਾ ਤਾਂ ਉਹਦੇ ਤੁਰੰਤ ਬਾਦ ਜਾਰੀ ਕੀਤਾ ਗਿਆ।। "ਅਸੀ ਤਿੰਨ ਪਾਤਸ਼ਾਹ ਚਾਹੁੰਦੇ ਹਾਂ ਕਿ ਸਾਡੀ ਪਰਜਾ ਲਗਾਤਾਰ ਅਤੇ ਲਗਨ ਨਾਲ ਇਸ ਧਰਮ ਦੀ ਪਾਲਣਾ ਕਰਨ ਜਿਹੜਾ ਸੰਤ ਪਤਰਸ ਨੇ ਰੋਮੀਆਂ ਨੂੰ ਸਿਖਾਇਆ ਸੀ ਜਿਹਨੂੰ ਅਸੀ ਬੜੀ ਵਫਾਦਾਰੀ ਦੇ ਨਾਲ ਰੀਤਾਂ ਰਿਵਾਜਾਂ ਮੰਨਦੇ ਹੋਏ ਸੁਰਖਿਅਤ ਰੱਖਿਆ ਹੈ ਅਤੇ ਜਿਹਨੂੰ ਡਾਮਾਨਾਸ ਦੇ ਮੁੱਖ ਪਾਦਰੀ ਨੇ ਵੀ ਇਹਨੂੰ ਕਬੂਲ ਕੀਤਾ ਹੈ ਜੋ ਕਿ ਰੋਮ ਦੇਸ਼ ਦਾ ਹੈ, ਅਤੇ ਪਤਰਸ ਜੋ ਅਲੈਗਜੈਂਡਰੀਆ ਦਾ ਬਿਸ਼ਪ ਹੈ, ਅਤੇ ਰਸੂਲੀ ਪਵਿੱਤ੍ਰਾਈ ਦਾ ਜਨ ਹੈ ਜਿਹਨੇ ਰਸੂਲਾਂ ਦੇ ਉਦਾਰੇ ਤੋਂ ਸਿਖਿਆ ਹੈ ਤੇ ਇਹ ਪਵਿੱਤ੍ਰਾਈ ਦਾ ਆਹੁਦਾ ਉਹਨੂੰ ਉਥੋਂ



ਰਹੇ ਹੋ ਕੋਈ ਗੱਲ ਨਹੀਂ ਕਿ ਕਿੰਨਾਂ ਕਿ ਤੁਹਾਨੂੰ ਆਪਣੇ ਨੂੰ ਸੰਸਾਰ ਤੋਂ ਦੂਰ ਖੜਨਾ ਪਵੇਗਾ, ਵੱਖਰਾ ਰਹਿਣਾ ਪਵੇ, ਪਰਮੇਸ਼ੁਰ ਦੀਆਂ ਲਿਖਤਾਂ ਦੇ ਨਾਲ ਆਪਣੇ ਆਪ ਨੂੰ ਮਿਲਾਉ।

ਧਿਆਨ ਦਿਉ ਜਦ ਪਹਿਲੀ ਵਾਰੀ ਕਲੀਸੀਯਾ ਦਾ ਪਤਨ ਹੋਇਆ ਤਾਂ ਇਹਨੇ ਕੀ ਕੀਤਾ। ਠੀਕ ਹੈ ਭਈ, ਜੇ ਪਰਮੇਸ਼ੁਰ ਨੇ ਪਹਿਲੀ ਵਾਰੀ ਉਦਾਂ ਕੰਮ ਕੀਤਾ, ਤਾਂ ਉਹਨੂੰ ਦੂਜੀ ਵਾਰੀ ਵੀ ਉਦਾਂ ਹੀ ਕੰਮ ਕਰਨਾ ਪਵੇਗਾ। ਅਤੇ ਪਰਮੇਸ਼ੁਰ ਨੂੰ ਹਰ ਵਾਰੀ ਉਦਾਂ ਹੀ ਕੰਮ ਕਰਨਾ ਪਵੇਗਾ ਜਾਂ ਫੇਰ ਉਹਨੇ ਪਹਿਲੀ ਵਾਰੀ ਗਲਤ ਵਤੀਰਾ ਕੀਤਾ। ਵੇਖੋ, ਅਸੀ ਮਰਨਹਾਰ ਹੋਣ ਦੇ ਨਾਤੇ, ਅਸੀਂ ਗਲਤੀਆਂ ਕਰ ਸਕਦੇ ਹਾਂ। ਪਰਮੇਸ਼ੁਰ ਗਲਤੀ ਨਹੀਂ ਕਰ ਸਕਦਾ। ਪਰਮੇਸ਼ੁਰ ਦਾ ਪਹਿਲਾ ਫੈਸਲਾ ਹੀ ਸੰਪੂਰਨ ਹੈ। ਅਤੇ ਕੰਮ ਕਰਨ ਦਾ ਜਿਹੜਾ ਉਹਨੇ ਢੰਗ ਚੁਣਿਆ, ਏਹਦੇ ਨਾਲੋਂ ਹੋਰ ਵਧੇਰੇ ਚੰਗਾ ਤਰੀਕਾ ਕੋਈ ਨਹੀ ਹੋ ਸਕਦਾ। ਉਹ ਇਹਦਾ ਸੁਧਾਰ ਨਹੀ ਕਰ ਸਕਦਾ, ਕਿਉਂਕਿ ਇਹ ਤਾਂ ਅਰੰਭ ਤੋਂ ਹੀ ਸੰਪੂਰਨ ਹੈ। ਜੇ ਇਹ ਗੱਲ ਏਦਾਂ ਨਹੀਂ ਹੈ ਤਾਂ ਉਹ ਨਾ ਤਬਦੀਲ ਪਰਮੇਸ਼ੁਰ ਨਹੀਂ ਹੈ।

ਜੇ ਉਹ ਨਾ ਬਦਲਣ ਵਾਲਾ ਪਰਮੇਸ਼ੁਰ ਹੈ, ਤਾਂ ਉਹ ਸਭ ਕੁਝ ਜਾਣਦਾ ਵੀ ਹੈ। ਅਤੇ ਜੇ ਉਹ ਸਰਬਗਿਆਨੀ ਹੈ ਤਾਂ ਉਹ ਸਭ ਕੁਝ ਕਰ ਵੀ ਸਕਦਾ। ਆਮੀਨ। ਉਹਨੂੰ ਪਰਮੇਸ਼ੁਰ ਹੋਣ ਦੇ ਲਈ ਇਹ ਸਭ ਹੋਣਾ ਹੀ ਹੈ। ਤੁਸੀਂ ਇਹ ਨਹੀ ਆਖ ਸਕਦੇ, ਕਿ ਉਹਨੇ ਵਧੇਰੇ ਸਿਖਿਆ ਹੈ।" ਉਹਨੇ ਵਧੇਰੇ ਨਹੀ ਸਿਖਿਆ ਹੈ ਉਹ ਤਾਂ ਸਾਰੀ ਦਨਾਈ ਅਤੇ ਸਮਝ ਦਾ ਚਸ਼ਮਾ ਹੈ। ਸਾਡੀ ਸਮਝ ਜੋ ਜਮੀਨੀ ਹੈ ਸ਼ੈਤਾਨ ਦੀ ਵਲੋਂ ਆਉਂਦੀ ਹੈ। ਅਸਾਂ ਇਸ ਨੂੰ ਅਦਨ ਬਾਗ ਦੇ ਵਿੱਚੋਂ ਵਿਰਾਸਤ ਵਿੱਚ ਲਿਆ ਹੈ ਜਿਥੇ ਅਸਾਂ ਨਿਸਚਾ ਦੇ ਬਦਲੇ ਸਮਝ ਨੂੰ ਅਪਣਾਇਆ। ਹਵਾਹ ਨੇ ਇਹ ਕੀਤਾ।

ਹੁਣ, ਉਹਨੂੰ ਪਹਿਲਾਂ ਮਸੀਹ ਵਿਰੋਧੀ ਆਖਿਆ ਗਿਆ। ਦੂਜੀ ਹਾਲਤ ਵਿੱਚ ਉਹਨੂੰ ਝੂਠਾ ਨਬੀ ਆਖਿਆ ਗਿਆ, ਕਿਉਂਕਿ ਉਹ ਆਤਮਾ ਲੋਕਾਂ ਦੇ ਵਿਚਾਲੇ ਦੇਹਧਾਰੀ ਹੋਇਆ। ਤੁਹਾਨੂੰ ਯਾਦ ਹੈ ਕਿ, ਚਿੱਟੇ ਘੋੜੇ ਦੇ ਸਵਾਰ ਦੇ ਸਿਰ ਉਤੇ ਕੋਈ ਮੁਕਟ ਨਹੀ ਸੀ ਜਦ ਉਹਨੇ ਅਰੰਭ ਕੀਤਾ, ਤਦ ਉਹਨੂੰ ਮੁਕਟ ਦਿੱਤਾ ਗਿਆ। ਕਿਉਂ ? ਉਹ ਅਰੰਭ ਵਿੱਚ ਹੀ ਨਿਕੁਲਾਈਆਂ ਦਾ ਆਤਮਾ ਸੀ। ਤਦ ਉਹਨੇ ਮਨੁੱਖ ਦੇ ਵਿੱਚ ਦੇਹਧਾਰ ਲਈ, ਤਦ ਉਹ ਨੂੰ ਮੁਕਟ ਪਾਇਆ ਗਿਆ, ਤੇ ਗੱਦੀ ਮਿਲੀ ਅਤੇ ਤਾਜ਼ਪੋਸ਼ੀ ਕੀਤੀ ਗਈ।

ਤਦ ਉਹਨੇ ਉਹਦੀ ਸੇਵਾ ਲੰਮੇ ਸਮੇਂ ਤੱਕ ਕੀਤੀ, ਅਸੀਂ ਇਸ ਤਰਾਂ ਵੇਖਾਂਗੇ ਜਦੋਂ ਕਿ ਮੋਹਰਾਂ ਖੁਲਦੀਆਂ ਹਨ, ਤਦ ਸਾਨੂੰ ਪਤਾ ਲੱਗਦਾ ਹੈ ਕਿ ਲੰਮੇ ਸਮੇਂ ਤੋਂ ਬਾਦ ਸ਼ੈਤਾਨ ਨੂੰ ਸੁਰਗੋਂ ਬਾਹਰ ਸੁੱਟਿਆ ਗਿਆ। ਅਤੇ ਉਹ ਲਿਖਤਾਂ ਦੇ ਅਨੁਸਾਰ ਹੇਠਾਂ ਆਇਆ, ਅਤੇ ਆਪਣੇ ਆਪ ਦਾ ਆਸਨ ਲਾ ਲਿਆ। ਜਰਾ ਸੋਚੋ, ਉਸ ਮਨੁੱਖ ਦੇ ਅੰਦਰ ਆਸਨ ਲਾ ਲਿਆ ਅਤੇ ਦਰਿੰਦਾ ਬਣ ਗਿਆ। ਉਹਦੇ ਕੋਲ ਸ਼ਕਤੀ ਸੀ। ਸਭ ਤੋਂ ਉਚੀ ਸ਼ਕਤੀ ਵਰਗੀ, ਉਹਨੇ ਸਭ ਕਰਾਮਾਤਾਂ ਵਗੈਰਾ ਅਤੇ ਸਭ ਕੁਝ ਕਰ ਵਿਖਾਇਆ – – – – ਕਤਲੇਆਮ ਖੂਨੀ ਜੰਗ ਅਤੇ ਸਭ ਕੁਝ ਜੋ ਕਿ ਰੋਮ ਉਪਜਾ ਸਕਦਾ ਸੀ।

ਠੀਕ ਐ। ਉਹ ਰੋਮ ਦੀ ਜਾਲਮ ਸਜ਼ਾ ਦੇ ਨਾਲ ਮਾਰਿਆ ਗਿਆ। ਆਹ, ਕਿੰਜ ਅਸੀ ਏਥੇ ਕੁਝ ਲਿਖਤਾਂ ਵਾਚ ਸਕਦੇ ਹਾਂ। ਯਾਦ ਰਹੇ, ਯਿਸੂ ਮਸੀਹ ਰੋਮ ਦੀ ਸਜ਼ਾ ਵੱਡੀ ਸਜ਼ਾ ਦੇ ਅਧੀਨ ਮਰਿਆ। ਏਥੇ ਅਗਲੀ ਸਭਾ ਦੇ

ਗਿਆ ਹੈ, ਕਿਉਂਕਿ ਇਹ ਤਾਂ ਮਸੀਹ ਅਤੇ ਅਸਲੀ ਰਸੂਲਾਂ ਦੀ ਸਿਖਿਆ ਦੇ ਵਿਰੁੱਧ ਸੀ।

ਮੈਂ ਇਸ ਮਨੁੱਖ ਦਾ ਨਾਉਂ ਤਾਂ ਨਹੀਂ ਲੈਣਾ ਚਾਹੁੰਦਾ। ਉਹ ਮਹਾਨ ਆਦਮੀ ਹੈ। ਕੁਝ ਸਾਲ ਪਹਿਲਾਂ ਮੈਂ ਉਹਦੀ ਸਭਾ ਵਿੱਚ ਹਾਜ਼ਰ ਸਾਂ, ਅਤੇ ਉਹ ਜਾਣਦਾ ਸੀ ਕਿ ਮੈਂ ਉਥੇ ਹਾਜ਼ਰ ਹਾਂ, ਕਿਉਂਕਿ ਮੈਂ ਉਹਦੇ ਨਾਲ ਦਸਤਪੰਜਾ ਲਿਆ ਸੀ। ਉਹਨੇ ਕਿਹਾ, " ਤੁਸੀਂ ਜਾਣਦੇ ਹੋ, ਸਾਡੇ ਕੋਲ ਅਜਿਹੀ ਸਿਖਿਆ ਅੱਜ ਮੌਜੂਦ ਹੈ ਜਿਹਨੂੰ ਉਹ ਪੈਂਤੇਕੁਸਤ ਆਖਦੇ ਹਨ।" ਅਤੇ ਉਹਨੇ ਕਿਹਾ, " ਉਹ ਰਸੂਲਾਂ ਦੇ ਕਰਤੱਬ ਨਾਮਕ ਪੁਸਤਕ ਤੇ ਭਰੋਸਾ ਰੱਖਦੇ ਹਨ।" ਅਤੇ ਉਹਨੇ ਕਿਹਾ, "ਤੁਸੀਂ ਵੇਖੋ, ਕਿ ਰਸੂਲਾਂ ਦੇ ਕਰਤੱਬ ਤਾਂ ਕਲੀਸੀਆਂ ਦੇ ਲਈ ਕੇਵਲ ਪੈੜ ਜਾਂ ਮਚਾਨ ਵਰਗੇ ਹੀ ਸਨ।"

ਕੀ ਤੁਸੀਂ ਅੰਦਾਜਾ ਲਾ ਸਕਦੇ ਹੋ ਕਿ ਅਜਿਹਾ ਮਨੁੱਖ ਜਿਹਨੇ ਪਵਿੱਤ੍ਰ ਸ਼ਾਸ਼ਤਰ ਦਾ ਅਧਿਐਨ ਕੀਤਾ ਹੋਵੇ ਤੇ ਇੱਕ ਬਜ਼ੁਰਗ ਤੇ ਬਹਾਦੁਰ ਆਦਮੀ, ਅਤੇ ਉਸ ਢੰਗ ਨਾਲ ਬਾਈਬਲ ਦਾ ਅਧਿਐਨ ਕੀਤਾ ਹੋਵੇ ਜਿਸ ਢੰਗ ਨਾਲ ਉਸ ਆਦਮੀ ਨੇ ਕੀਤਾ ਸੀ ਤੇ ਤਦ ਅਜਿਹੀ ਗੱਲ ਬੋਲੇ ? ਇਹ ਤਾਂ ਪਵਿੱਤ੍ਰ ਆਤਮਾ ਦੇ ਵਾਂਗ ਬਿਲਕੁਲ ਵੀ ਨਹੀਂ ਜਾਪਦਾ, ਅਜਿਹੀ ਗੱਲ ਨੂੰ ਤਾਂ ਕਿਤੇ ਵੀ ਟਿਕਾਣਾ ਨਹੀਂ ਮਿਲਣਾ ਹੈ, ਕਿਉਂਕਿ ਕੋਈ ਜਿਹਨੂੰ ਮਾੜੀ ਮੋਟੀ ਵੀ ਸਮਝ ਹੈ ਉਹ ਜਾਣਦਾ ਹੈ ਕਿ ਰਸੂਲਾਂ ਦੇ ਕਰਤੱਬ ਉਹਨਾਂ ਰਸੂਲਾਂ ਦੇ ਕਰਤੱਬ ਨਹੀਂ ਸਨ, ਇਹ ਤਾਂ ਰਸੂਲਾਂ ਦੇ ਅੰਦਰ ਪਵਿੱਤ੍ਰ ਆਤਮਾ ਦੇ ਕਰਤੱਬ ਸਨ।

ਕੀ ਤੁਸੀਂ ਨਹੀਂ ਜਾਣਦੇ ਕਿ ਅਸਾਂ ਕਿਵੇਂ ਇਹਨੂੰ ਕਲਸੀਜਾਈ ਯੁੱਗਾਂ ਵਿੱਚ ਨਮੂਨੇ ਦੇ ਤੌਰ ਤੇ ਵੇਖਿਆ ਹੈ। ਉਹ ਜੰਤੂ ਉਥੇ ਬੈਠ ਕੇ ਤੇ ਨੇਮ ਦੇ ਸੰਦੂਕ ਦੀ ਵੱਲ ਤੱਕ ਰਹੇ ਸਨ, ਮੱਤੀ, ਮਰਕੁਸ, ਲੂਕਾ ਯੂਹੰਨਾ ਉਥੇ ਖੜੇ ਹੋ ਕੇ ਤੱਕ ਰਹੇ ਸਨ। ਮੱਤੀ, ਮਰਕਸ, ਲੂਕਾ, ਯੂਹੰਨਾਂ ਦੀਆਂ ਲਿਖਤਾਂ ਦੇ ਸਿੱਟੇ ਵਜੋਂ ਹੀ ਉਥੇ ਇਹ ਹੋਇਆ। ਅਤੇ ਏਹੋ ਹੀ ਤਾਂ ਬ੍ਰਿਛ ਆਪਣੀ ਪਹਿਲੀ ਟਹਿਣੀ ਕੱਢਦਾ ਹੈ, ਅਤੇ ਏਹੋ ਹੀ ਹੋਇਆ।ਜੇ ਉਸ ਬ੍ਰਿਛ ਉਤੇ ਕਦੇ ਵੀ ਕੋਈ ਹੋਰ ਟਹਿਣੀ ਉਗੇ, ਤਾਂ ਉਹ ਆਪਣੀ ਪਿੱਛੇ ਰਸੂਲਾਂ ਦੇ ਕਰਤੱਬ ਦੀ ਹੋਰ ਪੁਸਤਕ ਲਿਖਣਗੇ। ਸੋ ਤੁਸੀਂ ਵੇਖੋ ਕਿ ਉਹੋ ਹੀ ਜੀਵਨ ਨੇ ਉਸੇ ਹੀ ਚੀਜ ਵਿੱਚ ਹੀ ਹੋਣਾ ਹੈ।

ਹੁਣ ਜਦ ਕਿ ਅਸੀਂ ਆਪਣੀਆਂ ਫਿਰਕਾਪਰਸਤ ਮਿਸ਼ਨਾਂ ਦੀ ਵੱਲ ਵੇਖਦੇ ਹਾਂ ਜੋ ਹਨ – ਮੈਥੋਡਿਸਟ, ਬੈਪਟਿਸਟ ਪਰੈਸਬਾਟੈਰੀਅਨਜ਼, ਲੂਥਰਨ, ਚਰਚ ਔਫ ਕਰਾਇਸਟ (ਅਖੌਤੀ) ਅਤੇ ਪੈਂਤੇਕੁਸਤ ਵਰਗੀਆਂ ਚੀਜਾਂ ਆਦਿ – ਅੱਜ ਅਸੀਂ ਉਹਨਾਂ ਨੂੰ ਕਿਥੇ ਵੇਖਦੇ ਹਾਂ ? ਤੁਹਾਨੂੰ ਇਹ ਨਹੀਂ ਲੱਭਦਾ। ਮੈਂ ਇਹ ਮੰਨਦਾ ਹਾਂ ਕਿ ਪੈਂਤੇਕੁਸਤ ਮਿਸ਼ਨਾਂ ਦੇ ਲੋਕ ਇਸ ਗੱਲ ਦੇ ਬਹੁਤ ਨੇੜੇ ਹਨ ਜਿਹੜੀ ਗੱਲ ਹੋ ਸਕਦੀ ਹੈ, ਕਿਉਂਕਿ ਉਹ ਲਾਉਦੀਕੀਏ ਦੀ ਕਲੀਸੀਯਾ ਦੇ ਯੁੱਗ ਵਿੱਚ ਹਨ। ਉਹਨਾ ਦੇ ਕੋਲ ਸਚਾਈ ਸੀ ਤੇ ਉਹਨਾਂ ਨੇ ਇਸ ਸਚਾਈ ਨੂੰ ਰੱਦ ਦਿੱਤਾ। ਅਤੇ ਉਹ ਇਸ ਸਚਾਈ ਦੇ ਨਾਲ ਨੀਮ ਗਰਮ ਹੋ ਗਏ, ਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਆਪਣੇ ਮੂੰਹ ਵਿੱਚ ਉਗਲ ਦਿੱਤਾ। ਇਹ ਗੱਲ ਬਿਲਕੁਲ ਠੀਕ ਲਿਖਤਾਂ ਦੇ ਅਨੁਸਾਰ ਹੈ। ਤੁਸੀਂ ਉਨ੍ਹਾਂ ਲਿਖਤਾਂ ਦੇ ਕੋਲੋਂ ਝੂਠ ਨਹੀਂ ਬੁਲਵਾ ਸਕਦੇ । ਉਹ ਸਦਾ ਹੀ ਸੱਚੇ ਰਹਿਣਗੇ। ਇਹ ਯਤਨ ਨਾ ਕਰੋ – – – ਸਿਰਫ ਇਹ ਗੱਲ, ਆਪਣੇ ਵਿਚਾਰ ਨੂੰ ਲਿਖਤਾਂ ਦੇ ਨਾਲ ਮਿਲਾਉਣ ਦਾ ਯਤਨ ਨਾ ਕਰੋ – – – ਜਾਂ ਲਿਖਤਾਂ ਨੂੰ ਆਪਣੇ ਵਿਚਾਰਾਂ ਦੇ ਨਾਲ ਮੇਲਣ ਦਾ ਯਤਨ ਨਾ ਕਰੋ, ਪਰ ਆਪਣੇ ਆਪ ਨੂੰ ਲਿਖਤਾਂ ਦੇ ਨਾਲ ਮਿਲਾਉ। ਤਦ ਤੁਸੀਂ ਪਰਮੇਸ਼ੁਰ ਦੇ ਨਾਲ ਚੱਲ



ਮਿਲਿਆ ਹੈ, ਅਤੇ ਇੰਜੀਲ ਦੀ ਸਿਖਿਆ ਦੇ ਅਨੁਸਾਰ ਪਵਿੱਤ੍ਰ ਜਨ ਹੈ; ਸੋ ਇਸ ਕਰਕੇ ਆਉ ਪਿਤਾ, ਪੁੱਤਰ ਅਤੇ ਪਵਿੱਤ੍ਰ ਆਤਮਾ ਦੀ ਇੱਕ ਪਰਮੇਸ਼ੁਰਤਾਈ ਵਿੱਚ ਨਿਹਚਾ ਕਰੀਏ, ਅਤੇ ਇਸ ਪੱਵਿਤ੍ਰ ਤਸਲੀਸ ਵਿੱਚ ਤਿੰਨਾਂ ਜਣਿਆ ਦਾ ਇਕੋ ਹੀ ਜਿਹਾ ਦਰਜਾ ਤੇ ਸ਼ਾਨ ਹੈ।

We order that the adherents of this faith becalled catholic christians, We brand all the senseless followers of the other religions with the infamous name of heretics, and forbid their conventicles assumining the name of churches.

ਅਸੀਂ ਹੁਕਮ ਦਿੰਦੇ ਹਾਂ ਕਿ ਇਸ ਵਿਸ਼ਵਾਸ਼ ਦੇ ਮੰਨਣ ਵਾਲੇ ਕੈਥੋਲਿਕ ਮਸੀਹੀ ਲੋਕ ਸੱਦੇ ਜਾਣ: ਅਸੀਂ ਬਾਕੀ ਸਭ ਮੂਰਖ ਚੇਲਿਆਂ ਨੂੰ ਜਿਹੜੇ ਦੂਸਰੇ ਧਰਮਾਂ ਨੂੰ ਮੰਨਦੇ ਹਨ ਉਹਨਾਂ ਨੂੰ ਅਸੀਂ ਜਿਹਨਾਂ ਦੀ ਕੋਈ ਸ਼ੋਹਰਤ ਨਹੀਂ ਹੈ, ਕੁਪੰਥੀਆਂ ਵਾਲਾ ਨਾਂ ਦਿੰਦੇ ਹਾਂ ਅਤੇ ਉਹਨਾਂ ਦੇ ਧਾਰਮਿਕ ਮੱਤਾਂ ਅਤੇ ਠਾਕਰ ਦੁਵਾਰਿਆਂ ਉਤੇ ਰੋਕ ਲਾਉਂਦੇ ਹਾਂ ਜਿਹਨੂੰ ਉਹ ਗਿਰਜਿਆਂ ਦਾ ਨਾਂ ਦਿੰਦੇ ਹਨ। ਅਤੇ ਰੱਬੀ ਨਿਆਂ ਡੰਨ ਦੇ ਇਲਾਵਾ ਅਤੇ ਹੋਰ ਵੀ ਭਾਰੇ ਡੰਨ ਦੀ ਉਹ ਲੋਕ ਆਸ ਕਰ ਸਕਦੇ ਹਨ ਜੋ ਕਿ ਸਾਡੀ ਸਰਕਾਰ ਦਾ ਇਖਤਿਆਰ ਸੁਰਗੀ ਬੁੱਧ ਤੋਂ ਅਗੁਵਾਈ ਪਾ ਕੇ ਉਹਨਾਂ ਨੂੰ ਦੁੱਖ ਦੇਣ ਲਈ ਠੀਕ ਅਤੇ ਮੁਨਾਸਿਬ ਸਮਝੇਗਾ।

ਇਹ ਰਾਜੇ ਨੇ ਜੋ ੧੫ ਸੂਤਰੀ ਕਾਨੂੰਨ ਜੋ ਕਿ ਕਈ ਸਾਲਾਂ ਤੱਕ ਸਮੇਂ ਤੇ ਜਾਰੀ ਕੀਤੇ ਗਏ ਸਨ ਉਹਨਾਂ ਦੇ ਕਾਰਣ ਬਚਨ ਦੇ ਪਰਚਾਰਕਾਂ ਦੇ ਧਰਮ ਨੂੰ ਮੰਨਣ ਦੇ ਸਬੰਧ ਵਿੱਚ ਸਾਰੇ ਹੱਕ ਖਤਮ ਹੋ ਗਏ ਸਨ। ਅਤੇ ਉਹਨਾਂ ਨੂੰ ਸਭ ਸਮਾਜਿਕ ਦਫਤਰਾਂ ਵਿੱਚੋਂ ਕੱਢ ਦਿੱਤਾ ਗਿਆ, ਅਤੇ ਜਰਮਾਨਿਆਂ ਨਾਲ, ਜੇਲਾਂ ਵਿੱਚ ਪਾਉਣ ਅਤੇ ਦੇਸ਼ ਨਿਕਾਲਾ ਦੇਣ ਅਤੇ ਕਈ ਮੁਆ ਮਲਿਆਂ ਵਿੱਚ ਤਾਂ ਮੌਤ ਤੇ ਘਾਟ ਉਤਾਰਣ ਦੀਆਂ ਧਮਕੀਆਂ ਦਿੱਤੀਆਂ ਗਈਆਂ।

ਕੀ ਤੁਸੀਂ ਜਾਣਦੇ ਹੋ ? ਕਿ ਅੱਜ ਅਸਾਂ ਆਪਣਾ ਮੁਹਾਣਾ ਠੀਕ ਉਸੇ ਤਰਾਂ ਦੀ ਹਾਲਤ ਵਿੱਚ ਜਾਣ ਲਈ ਕੀਤਾ ਹੋਇਆ ਹੈ।

ਰੋਮਨ ਕੈਥੋਲਿਕ ਕਲੀਸੀਯਾਂ ਆਪਣੇ ਆਪ ਨੂੰ ਮਾਂ ਕਲੀਸੀਯਾ ਕਹਿੰਦੀ ਹੈ। ਉਹ ਆਪਣੇ ਆਪ ਨੂੰ ਮੁੱਢਲੀ ਜਾਂ ਅਸਲੀ ਕਲੀਸੀਯਾ ਕਹਿੰਦੀ ਹੈ। ਇਹ ਬਿਲਕੁਲ ਠੀਕ ਹੈ। ਉਹ ਰੋਮ ਦਾ ਸਭ ਤੋਂ ਪਹਿਲਾ ਗਿਰਜਾ (ਕਲੀਸੀਯਾ) ਜਿਹਨੇ ਪਿੱਛੇ ਜਾ ਕੇ ਤੇ ਪਾਪ ਕੀਤਾ। ਇਹ ਪਹਿਲੀ ਕਲੀਸੀਯਾ ਸੀ ਜਿਹਨੇ ਜੱਥੇਬੰਦੀ ਕੀਤੀ। ਇਹਦੇ ਵਿੱਚ ਪਹਿਲਾਂ ਤਾਂ ਕੰਮ ਅਤੇ ਉਹਦੇ ਨਿਕੁਲਾਈਆਂ ਦੀ ਸਿਖਿਆ ਪਾਈ ਗਈ। ਕੋਈ ਵੀ ਇਸ ਗੱਲ ਦਾ ਇਨਕਾਰ ਨਹੀਂ ਕਰੇਗਾ ਕਿ ਉਹ Mother church ਕਲੀਸੀਯਾਂ ਦੀ ਮਾਂ ਹੈ। ਉਹ ਮਾਂ ਹੈ ਅਤੇ ਉਹਨੇ ਧੀਆਂ ਜੰਮੀਆਂ ਹਨ। ਹੁਣ ਗੱਲ ਇਹ ਹੈ ਕਿ ਇੱਕ ਧੀ ਔਰਤ ਤੋਂ ਹੀ ਜੰਮਦੀ ਹੈ। ਅਤੇ ਇਹ ਇਸਤ੍ਰੀ ਬੈਂਗਨੀ ਰੰਗ ਦੇ ਵਸਤਰ ਪਾ ਕੇ ਰੋਮ ਦੀਆਂ ਸੱਤ ਪਹਾੜੀਆਂ ਉਤੇ ਬੈਠੀ ਹੋਈ ਹੈ। ਉਹ ਕੰਜਰੀ ਹੈ ਅਤੇ ਉਹਦੇ ਤੋਂ ਧੀਆਂ ਜੰਮੀਆਂ ਹਨ। ਅਤੇ ਉਹ ਧੀਆਂ ਪਰੋਟੈਸਟੈਂਟ ਗਿਰਜੇ ਹਨ ਜਿਹੜੇ ਉਹਦੇ ਵਿੱਚੋਂ ਨਿਕਲੇ ਹਨ, ਤੇ ਜਿਹੜੇ ਫੇਰ ਠੀਕ ਨਿਕੁਲਾਈਆਂ

ਦੀ ਸਿਖਿਆ ਅਤੇ ਜੱਥੇਬੰਦੀ ਵਿੱਚ ਵਾਪਸ ਚਲੇ ਗਏ ਹਨ। ਧੀਆਂ ਵਾਲੇ ਗਿਰਜਿਆਂ ਦੀ ਮਾਂ ਵੱਡੀ ਕੰਜਰੀ ਅਖਵਾਉਂਦੀ ਹੈ ਅਤੇ ਇਹ ਉਹ ਔਰਤ ਹੈ ਜਿਹੜੀ ਆਪਣੇ ਵਿਆਹ ਦੇ ਨੇਮ ਦੇ ਨਾਲ ਵਫਾਦਾਰ ਨਹੀਂ ਸੀ। ਉਹਦਾ ਵਿਆਹ ਪਰਮੇਸ਼ੁਰ ਦੇ ਨਾਲ ਹੋਇਆ ਸੀ ਅਤੇ ਉਹ ਸ਼ੈਤਾਨ ਦੇ ਨਾਲ ਵਿਭਚਾਰ ਵਿੱਚ ਫੱਸ ਗਈ ਅਤੇ ਆਪਣੇ ਵਿਭਚਾਰ ਵਿੱਚ ਉਹਨੇ ਧੀਆਂ ਜੰਮੀਆਂ ਜਿਹੜੀਆਂ ਬਿਲਕੁਲ ਉਹਦੇ ਵਰਗੀਆਂ ਹੀ ਹਨ। ਅਤੇ ਇਹ ਮਾਵਾਂ ਧੀਆਂ ਦਾ ਮੇਲ ਬਚਨ ਵਿਰੋਧੀ, ਆਤਮਾ ਵਿਰੋਧੀ ਅਤੇ ਅੰਤ ਵਿੱਚ ਮਸੀਹ ਵਿਰੋਧੀ ਹੈ। ਹਾਂ ਜੀ, anti christ ਮਸੀਹ ਵਿਰੋਧੀ ਹੈ।

ਇਸ ਤੋਂ ਪਹਿਲਾਂ ਕਿ ਮੈਂ ਹੋਰ ਅਗਾਂਹ ਵਧਾ ਮੈਂ ਇਹ ਜਿਕਰ ਕਰਨਾ ਚਾਹੁੰਦਾ ਹਾਂ ਕਿ ਇਸ ਪਹਿਲੀ ਸਦੀ ਦੇ ਬਿਸ਼ਪ ਲੋਕਾਂ ਨੇ ਸੋਚਿਆਂ ਕਿ ਉਹ ਬਚਨ ਦੇ ਉਤੋਂ ਦੀ ਹਨ। ਉਹਨਾਂ ਨੇ ਲੋਕਾਂ ਨੂੰ ਦੱਸਿਆ ਕਿ ਉਹ ਲੋਕਾਂ ਦੇ ਇਕਰਾਰ ਕਰਨ ਉਤੇ ਉਹਨਾਂ ਦੇ ਪਾਪ ਮਾਫ ਕਰ ਸਕਦੇ ਹਨ। ਜੋ ਕਿ ਕਦੇ ਵੀ ਸਚਾਈ ਨਹੀ ਸੀ। ਉਹਨਾਂ ਨੇ ਦੂਜੀ ਸਦੀ ਵਿੱਚ ਬੱਚਿਆਂ ਨੂੰ ਬਪਤਿਸਮਾ ਦੇਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਅਸਲ ਵਿੱਚ ਨਵੇਂ ਜਨਮ ਦੇ ਤੌਰ ਤੇ ਲੋਕਾਂ ਨੂੰ ਬਪਤਿਸਮਾ ਦਿੱਤਾ। ਕੋਈ ਹੈਰਾਨੀ ਨਹੀ ਕਿ ਲੋਕ ਅੱਜ ਮਿਲੇ ਜੁਲੇ ਹੋਏ ਹਨ। ਜੇ ਲੋਕ ਉਦੋਂ ਏਨੇ ਕੁ ਰਲੇ ਮਿਲੇ ਹੋਏ ਸਨ, ਜੋ ਕਿ ਉਸ ਸਮੇਂ ਪੈਂਤੇਕੁਸਤ ਦੇ ਬਹੁਤ ਨੇੜੇ ਸਨ, ਹੁਣ ਤਾਂ ਉਹ ਬੇਹੱਦ ਵਿਆਕੁਲਤਾ ਦੀ ਦਸ਼ਾ ਵਿੱਚ ਹਨ, ਲਗਭਗ ਮੁੱਢਲੀ ਸਚਾਈ ਤੋਂ ਦੂਰ ਹੋਇਆਂ ੨੦੦੦ ਹਜਾਰ ਸਾਲ ਹੋਣ ਦੇ ਕਾਰਣ।

ਆਹ, ਪਰਮੇਸ਼ੁਰ ਦੀ ਕਲੀਸੀਯਾ, ਕੇਵਲ ਇੱਕ ਹੀ ਆਸ ਹੈ। ਵਾਪਸ ਬਚਨ ਦੀ ਵੱਲ ਆਣ ਕੇ ਇਹਦੇ ਨਾਲ ਟਿਕੇ ਰਹੋ।

ਕੀ ਤੁਸੀਂ ਕਦੇ ਸੋਚਿਆ ਕਿ ਉਸ ਦੂਜੇ ਸੱਪ ਦਾ ਕੀ ਹੋਇਆ ? ਉਹ ਕਿਥੇ ਗਿਆ ? ਮੂਸਾ ਨੇ ਲਾਠੀ ਲਈ ਅਤੇ ਉਹਦੇ ਨਾਲ ਬਾਹਰ ਗਿਆ। ਉਹਨੇ ਉਹਦੇ ਨਾਲ ਕਰਾਮਾਤਾਂ ਵਿਖਾਈਆਂ। ਉਹ ਸੱਪ ਦੂਜੇ ਸੱਪ ਦੇ ਅੰਦਰਵਾਰ ਸੀ। ਇਹ ਬੜਾ ਅਸਚਰਜ ਹੈ, ਕੀ ਇਹ ਨਹੀਂ ਹੈ ? ਹਾਂ ਸ਼੍ਰੀ ਮਾਨ ਜੀ।

ਹੁਣ ਮਸੀਹ ਵਿਰੋਧੀ ਵਿੱਚ ਹੌਲੀ ਹੌਲੀ ਫੇਰ ਜਾਨ ਪੈਣ ਲੱਗੀ ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਦਿਉ। ਹੁਣ ਜਦ ਤੁਸੀਂ ਏਥੇ ਰਹੋ ਸਿਰਫ ਇੱਕ ਪਲ ਵਾਸਤੇ, ਤਦ ਅਸੀਂ ਵੇਖਾਂਗੇ ਕਿ ਪਰੋਟੈਸਟੈਂਟ ਕਿਥੇ ਹਨ, ਅਸੀਂ ਕਿਥੇ ਹਾਂ। ਧਿਆਨ ਦਿਉ, ਪਹਿਲੀ ਕਲੀਸੀਯਾ ਜਦ ਕੈਥੋਲਿਕ ਗਿਰਜੇ ਨੇ ਆਖਿਆ ਕਿ ਉਹ ਪਹਿਲੀ ਮੁੱਢਲੀ ਮੂਲ ਕਲੀਸੀਯਾ ਹੈ, ਉਹ ਬਿਲਕੁਲ ਠੀਕ ਸਨ – ਉਹ ਠੀਕ ਸਨ। ਉਹ ਪੈਂਤੇਕੁਸਤ ਤੋਂ ਸ਼ੁਰੂ ਹੋਈ। ਹੁਣ ਮੈਂ ਪਹਿਲਾਂ ਤਾਂ ਇਹਨੂੰ ਬੜੀ ਹੀ ਮੁਸ਼ਕਲ ਦੇ ਨਾਲ ਮੰਨਣ ਲਈ ਤਿਆਰ ਨਹੀ ਸਾਂ ; ਜਦ ਤਕ ਮੈਂ ਇਤਿਹਾਸ ਨਾ ਪੜ੍ਹਿਆ, ਅਤੇ ਮੈਨੂੰ ਪਤਾ ਲੱਗਾ ਕਿ ਇਹ ਠੀਕ ਹੈ।

ਉਹ ਪੈਂਤੇਕੁਸਤ ਤੋਂ ਅਰੰਭ ਹੋਏ, ਪਰ ਉਹਨਾਂ ਨੇ ਸਰਕਣਾਂ ਸ਼ੁਰੂ ਕੀਤਾ, ਅਤੇ ਕੀ ਤੁਸੀਂ ਵੇਖਦੇ ਹੋ ਕਿ ਉਹ ਕਿਥੇ ਹਨ ? ਅਤੇ ਜੇ ਪੈਂਤੇਕੁਸਤ ਬੜੀ ਤੇਜ਼ ਗਤੀ ਦੇ ਨਾਲ ਸਰਕ ਰਿਹਾ ਹੈ। ਤੋਂ ਫਿਰ ਇਹਦੇ ਸਰਕਣ ਦਾ ਸਮਾਂ ਹੁਣ ਹੈ, ਉਹਨਾਂ ਨੂੰ ੨੦੦੦ ਹਜਾਰ ਸਾਲ ਨਹੀਂ ਲੱਗਣਗੇ, ਹੁਣ ਤੋਂ ੧੦੦ ਸਾਲ ਬਾਦ ਉਹ ਹੋਰ ਵਧੇਰੇ ਦੂਰ



ਜਾ ਚੁੱਕੇ ਹੋਣਗੇ ਕੈਥੋਲਿਕ ਗਿਰਜੇ ਦੇ ਨਾਲੋਂ ਵੀ ਵਧੇਰੇ ਦੂਰ ਜਾ ਚੁੱਕੇ ਹੋਣਗੇ। ਇਹ ਠੀਕ ਗੱਲ ਹੈ।

ਪਰ ਧਿਆਨ ਦਿਉ ਕਿ ਕਿਵੇਂ ਇਹ ਚਿੱਟੇ ਘੋੜੇ ਦਾ ਸਵਾਰ, (ਹੁਣ ਅਸੀ ਤਾਂ ਸਿਰਫ ਆਪਣੀ ਸਮਝ ਦੇ ਲਈ ਭੂਮਿਕਾ ਬਨ ਰਹੇ ਹਾਂ ਜਦ ਤੱਕ ਕਿ ਅਸੀ ਇਸ ਮੋਹਰ ਨੂੰ ਚੰਗੀ ਤਰਾਂ ਸਮਝ ਨਾ ਲਈਏ। ਹੁਣ ਚਿੱਟੇ ਘੋੜੇ ਦੇ ਸਵਾਰ ਉਤੇ ਧਿਆਨ ਦਿਉ। ਜਦ ਉਹ ਨਿਕਲਆ ਤਾਂ ਉਹਨੇ ਤਿੰਨ ਹਾਲਤਾਂ ਵਿੱਚ ਕੰਮ ਕੀਤਾ। ਉਸ ਤ੍ਰਾਤ ਜਿਦਾਂ ਕਿ ਮੈਂ ਤਹਾਨੂੰ ਸਬੂਤ ਦਿੱਤਾ ਸੀ ਕਿ ਪਰਮੇਸ਼ੁਰ ਦੀ ਵਾਂਗ ਸ਼ੈਤਾਨ ਦੀ ਵੀ ਤਸਲੀਸ ਹੈ ਹਰ ਸਮੇਂ ਤਿੰਨਾਂ ਹਾਲਤਾਂ ਦੇ ਵਿੱਚ ਉਹੋ ਹੀ ਸ਼ੈਤਾਨ ਹੈ।

ਉਹਦੀਆਂ ਹਾਲਤਾਂ ਉਤੇ ਧਿਆਨ ਦਿਉ : ਪਹਿਲੀ ਵਾਰੀ ਜਦੋਂ ਉਹ ਅੰਦਰ ਆਇਆ, ਪਵਿੱਤ੍ਰ ਆਤਮਾ ਉਤਰਿਆ ਲੋਕਾਂ ਦੀਆਂ ਸਭ ਚੀਜਾਂ ਸਾਂਝੀਆਂ ਸਨ। ਅਤੇ ਪਰਮੇਸ਼ੁਰ ਦਾ ਆਤਮਾ ਉਹਨਾਂ ਦੇ ਉਤੇ ਸੀ ਅਤੇ ਰਸੂਲ ਲੋਕਾਂ ਦੇ ਨਾਲ ਘਰੋ ਘਰੀ ਜਾ ਕੇ ਰੋਟੀ ਤੋੜਦੇ ਸਨ, ਅਤੇ ਬਹੁਤ ਵੱਡੀਆਂ ਨਿਸ਼ਾਨੀਆਂ ਅਤੇ ਅਚੰਭੇ ਪ੍ਰਗਟ ਹੁੰਦੇ ਸਨ। ਤਦ ਪਹਿਲੀ ਗੱਲ ਜੋ ਹੋਈ ਤੁਸੀ ਜਾਣਦੇ ਹੋ, ਸੋ ਸ਼ੈਤਾਨ ਨੇ ਉਤਾਂਹ ਆਉਣ ਲਈ ਲੋਕਾਂ ਨੂੰ ਬੁੜ ਬੁੜ ਕਰਨਾ ਸ਼ੁਰੂ ਕਰਵਾਇਆ। ਤਦ ਕੁਝ ਚਿਰ ਬਾਦ ਏਹਨਾਂ ਗੁਲਾਮਾਂ ਤੇ ਧਰਤੀ ਦੇ ਗਰੀਬਾਂ ਜਿਨ੍ਹਾਂ ਨੇ ਪਾਕ ਰੂਹ ਪਾਇਆ ਸੀ, ਉਹ ਗਵਾਹੀ ਦੇਂਦੇ ਹੋਏ ਵੱਖਰੇ ਵੱਖਰੇ ਥਾਈ ਗਏ। ਉਹਨਾਂ ਨੇ ਆਪਣੇ ਮਾਲਕਾਂ ਦੇ ਅੱਗੇ ਗਵਾਹੀ ਦਿੱਤੀ।

ਅਤੇ ਕੁਝ ਚਿਰ ਬਾਦ ਸਭ ਜਿਦਾਂ ਕਿ ਫੌਜ ਦੇ ਕਪਤਾਨ ਅਤੇ ਵੱਖਰੇ ਵੱਖਰੇ ਲੋਕ ਆਉਣ ਲੱਗ ਪਏ – ਸ਼ਹਿਨਸ਼ਾਹੀ ਲੋਕ। ਉਹਨਾਂ ਨੇ ਉਹਨਾਂ ਦੀ ਬਹਾਦੁਰੀ ਅਤੇ ਕਰਾਮਾਤਾਂ ਅਤੇ ਨਿਸ਼ਾਨੀਆਂ ਜਿਹੜੀਆਂ ਏਹਨਾਂ ਮਨੁੱਖਾਂ ਨੇ ਕਰ ਕੇ ਵਿਖਾਈਆਂ ਸਨ, ਸੋ ਉਹਨਾਂ ਨੇ ਮਸੀਹਤ ਨੂੰ ਕਬੂਲ ਕਰ ਲਿਆ। ਠੀਕ ਹੈ ਭਈ, ਤੁਸੀ ਵੇਖੋ, ਜਦ ਉਹਨੇ ਮਸੀਹਤ ਨੂੰ ਕਬੂਲ ਕੀਤਾ ਤੇ ਜਦ ਉਸ ਜਗ੍ਹਾ ਤੇ ਉਹ ਗਿਆ ਜਿਥੇ ਕਿਉ ਪੁਰਾਣੇ ਅਨ੍ਹੇਰੇ ਛੋਟੇ ਹਾਲ ਕਮਰੇ ਵਿੱਚ ਜਮਾ ਹੋ ਕੇ ਤਾਲੀਆਂ ਵਜਾ ਰਹੇ ਸਨ, ਗੈਰਜ਼ਬਾਨਾ ਬੋਲਦੇ ਹੋਏ ਸੰਦੇਸ਼ ਦਿੰਦੇ ਸਨ ਕਿਉਂ, ਉਹ ਮਨੁੱਖ ਇਸ ਤਰਾਂ ਦੀ ਮਸੀਹਤ ਨੂੰ ਤਾਂ ਆਪਣੇ ਤੋਂ ਉਚੇ ਆਦਮੀ ਜਾਂ ਜੋ ਵੀ ਉਹਦੇ ਬਣਜ ਬੁਪਾਰ ਵਿੱਚ ਹੈ ਨਹੀਂ ਲੈ ਕੇ ਜਾਵੇਗਾ। ਉਹ ਕਦੇ ਵੀ ਏਹਨੂੰ ਇਸ ਤਰ੍ਹਾਂ ਨਹੀਂ ਮੰਨੇਗਾ, (ਯਕੀਨਨ ਨਹੀ) ਉਹਨੂੰ ਤਾਂ ਇਹਨੂੰ ਸਵਾਰਨਾ ਹੀ ਪਵੇਗਾ।

ਸੋ ਉਹਨਾਂ ਨੇ ਇੱਕਠੇ ਹੋ ਕੇ ਸੋਚਣਾ ਸ਼ੁਰੂ ਕੀਤਾ, "ਕਿ ਅਸੀਂ ਕੁਝ ਏਹਦੇ ਨਾਲੋਂ ਵੱਖਰਾ ਹੀ ਬਣਾਵਾਂਗੇ।" ਅਤੇ ਯਿਸੂ ਨੇ ਠੀਕ ਪਹਿਲੇ ਯੁੱਗ ਦੇ ਬਾਦ, ਉਹਨੇ ਉਹਨਾਂ ਨੂੰ ਪਰਕਾਸ਼ ਦੀ ਪੋਥੀ ਉਹਦੇ ੨ ਬਾਬ ਵਿੱਚ ਦੱਸਿਆ, "ਤਾਂ ਵੀ ਮੈਨੂੰ ਤੇਰੇ ਉਤੇ ਗਿਲ੍ਹਾ ਹੈ, ਤੇ ਉਹ ਇਹਨਾਂ ਨਿਕੁਲਾਈਆਂ ਦੇ ਕੰਮਾਂ ਦੇ ਕਾਰਣ ਹੈ।" Nico ਨਿਕੋ ਆਮ ਜਨਤਾ ਨੂੰ ਜਿੱਤਣਾ (ਭਾਵ ਜੋ ਕਲੀਸੀਯਾ ਦੇ ਅੰਦਰ ਸਾਧਾਰਣ ਲੋਕ ਹੁੰਦੇ ਹਨ) ਦੂਜੇ ਸ਼ਬਦਾਂ ਵਿੱਚ, ਉਹ ਬਣਾਉਣਾ ਚਾਹੁੰਦੇ ਹਨ – – — ਬਜਾਏ ਇਸ ਦੇ ਕਿ ਸਭ ਇੱਕ ਹੋਣ, ਤੇ ਉਹ ਕੁਝ ਲੋਕਾਂ ਨੂੰ ਪਵਿੱਤ੍ਰ ਬਣਾਉਣਾ ਚਾਹੁੰਦੇ ਸਨ। ਅਤੇ ਉਹ ਇੱਕ ਕਿਸਮ ਕੁਝ ਅਜਿਹਾ ਬਣਾਉਣਾ ਚਾਹੁੰਦੇ ਸਨ – – – – ਉਹ ਕੁਝ ਮੂਰਤੀ ਪੂਜਕਾਂ ਵਾਲੇ ਧਰਮ ਵਾਂਗੂ ਹੀ ਬਨਾਓਣਾ ਚਾਹੁੰਦੇ ਸਨ ਜਿਥੋਂ ਉਹ ਨਿਕਲ ਕੇ ਆਏ ਸਨ, ਅਤੇ ਅੰਤ ਵਿੱਚ ਉਹਨਾ ਨੇ ਇਹ ਕਰ ਹੀ ਵਿਖਾਲਿਆ।
ਹੁਣ ਗੌਹ ਕਰੋ। ਪਹਿਲਾਂ ਨਿਕੁਲਾਈ ਲੋਕ। ਪਵਿੱਤ੍ਰ ਸ਼ਾਸ਼ਤਰ ਵਿੱਚ ਨਿਕੁਲਾਈਆਂ ਨੂੰ ਮਸੀਹ ਵਿਰੋਧੀ ਆਖਿਆ